People's Herald

Rs- 100/month

People's Herald



# “ਇਕੁਐਲਿਟੀ ਐਂਡ ਜਸਟਿਸ”



https://www.facebook.com/profile.php?id=161037521061610

“Equality and Justice”

स्वतंत्रता, समानता, भाईचारा

PATIALA On line paper 20 ਜੂਨ 2025 ਸ਼ੁੱਕਰਵਾਰ “ਰੋਜ਼ਾਨਾ” ਸਾਲ ਚੌਥਾ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay- 91-9780634849) HARDIP SINGH STATE BANK OF INDIA ACCT NO-10566643658 . IFSC- SBIN0050773

## ਸਿਧਾਰਥ ਗੌਤਮ ਬੁੱਧ ਦੇ ਧਮ ਦੇ ਸਿਧਾਂਤ ਸਭ ਲਈ ਸੁੱਖ, ਸ਼ਾਂਤੀ ਅਤੇ ਵਿਕਾਸ ਦੇ ਮਾਰਗ ਦੀਆਂ ਔਕੜਾਂ ਨੂੰ ਸਾਫ ਕਰ ਦਿੰਦੇ ਹਨ, ਇਹ ਸਿਧਾਂਤ ਵਿਸ਼ਵ ਸ਼ਾਂਤੀ ਸਥਾਪਿਤ ਕਰ ਸਕਦੇ ਹਨ



**“ਇਕੁਐਲਿਟੀ ਐਂਡ ਜਸਟਿਸ” ਪਟਿਆਲਾ** -ਸਿਧਾਰਥ ਗੌਤਮ ਬੁੱਧ ਦੇ ਦਿੱਤੇ ਇਹ ਬੁਨਿਆਦੀ ਸਿਧਾਂਤ ਸਮੁੱਚੇ ਸੰਸਾਰ ਵਿੱਚ ਸੁੱਖ, ਸਾਂਤੀ ਅਤੇ ਵਿਕਾਸ ਦੇ ਮਾਰਗ ਰਾਹ ਸਾਫ ਕਰ ਦਿੰਦੇ ਹਨ। ਮੁੱਢਲੇ ਪੰਜ ‘ਪੰਚਸ਼ੀਲ’ ਸਿਧਾਂਤ ਹੇਠਾਂ ਦਿੱਤੇ ਗਏ ਹਨ ਨੂੰ ਅਪਣਾ ਕੇ ਹਰ ਮਨੁੱਖ ਦੇ ‘ਮਨ ਦੀ ਸਮਾਧੀ’ ਲੱਗ ਜਾਣੀ ਚਾਹੀਦੀ ਹੈ:

1. ਆਹਿੰਸਾ- ਕਿਸੇ ਨੂੰ ਸਰੀਰਕ ਨੁਕਸਾਨ ਨਾਂ ਪਹੁੰਚਾਉਣਾ, ਹਰ ਇਕ ਜੀਵਨ ਦਾ ਸਤਿਕਾਰ ਕਰਨਾ
2. ਚੋਰੀ ਨਹੀਂ ਕਰਨਾ- ਦੂਸਰਿਆਂ ਦੀ ਜਾਇਦਾਦ ਅਧਿਕਾਰ ਦੀ ਕਦਰ ਕਰਨਾ
3. ਵਿਬਚਾਰ ਨਾਂ ਕਰਨਾ- ਕੋਈ ਜਿਨਸੀ ਦੁਰਵਿਹਾਰ ਜਾਂ ਅਪਰਾਧ ਨਾਂ ਕਰਨਾ
4. ਝੂਠ ਨਹੀਂ ਬੋਲਣਾ- ਆਪਣੇ ਆਚਾਰ,ਵਿਚਾਰ, ਵਿਵਹਾਰ ਵਿੱਚ ਇਮਾਨਦਾਰੀ ਬਣੇ ਰਹਿਣਾ
5. ਨਸ਼ਾ ਨਹੀਂ ਕਰਨਾ- ਕੋਈ ਨਸ਼ਾ ਨਹੀਂ ਕਰਨਾ, ਮਨ ਦਾ ਦਸ਼ਾ ਦਿਸ਼ਾ ਵਿਗਾੜ ਦੇ ਸਾਧਨਾਂ ਤੋਂ ਦੂਰੀ, ਮਨ ਸੁੱਧ ਰਖਣਾ ਅਤੇ ਸਾਫ਼ ਮਨ ਦਾ ਸਤਿਕਾਰ ਕਰਨਾ

## ਇਜ਼ਰਾਇਲੀ ਹਮਲਿਆਂ ਤੋਂ ਕੋਈ ਨਹੀਂ ਬੱਚ ਸਕਦਾ, ਅਗਲਾ ਨਿਸ਼ਾਨਾ ‘ਖਮੇਨੀ’ ਹੋ ਸਕਦੇ ਹਨ: ਨੇਤਨਯਾਹੂ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com



ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਵੀਰਵਾਰ ਨੂੰ ਕਿਹਾ ਕਿ ਇਜ਼ਰਾਇਲੀ ਹਮਲਿਆਂ ਤੋਂ ‘ਕੋਈ ਵੀ ਬੱਚ ਨਹੀਂ’ ਸਕਦਾ। ਨੇਤਨਯਾਹੂ ਨੇ ਇਸ਼ਾਰਾ ਕੀਤਾ ਕਿ ਇਰਾਨ ਦੇ ਸੁਪਰੀਮ ਆਗੂ ਅਯਾਤੁੱਲ੍ਹਾ ਅਲੀ ਖਮੇਨੀ ਵੀ ‘ਨਿਸ਼ਾਨੇ’ ਉੱਤੇ ਹੋ ਸਕਦੇ ਹਨ। ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਇਹ ਟਿੱਪਣੀਆਂ ਮੁਲਕ ਦੇ ਦੱਖਣੀ ਸ਼ਹਿਰ ਬੀਰਸ਼ੇਬਾ ਵਿਚ ਸੋਰੋਕਾ ਮੈਡੀਕਲ ਸੈਂਟਰ ਦੀ ਫੇਰੀ ਮੌਕੇ ਪੱਤਰਕਾਰਾਂ ਦੇ ਇਕ ਸਵਾਲ ਨੂੰ ਲੈ ਕੇ ਕੀਤੀਆਂ। ਇਰਾਨ ਨੇ ਵੀਰਵਾਰ ਸਵੇਰੇ ਮਿਜ਼ਾਈਲ ਹਮਲੇ ਕਰਕੇ ਮੈਡੀਕਲ ਸੈਂਟਰ ਨੂੰ ਨਿਸ਼ਾਨਾ ਬਣਾਇਆ। ਯਹੂਦੀ ਮੁਲਕ ਵੱਲੋਂ ਸ਼ੁੱਕਰਵਾਰ ਨੂੰ ਸ਼ੁਰੂ ਕੀਤੇ Operation Rising Lion ਮਗਰੋਂ ਇਰਾਨ ਹੁਣ ਤੱਕ ਇਜ਼ਰਾਈਲ ’ਤੇ ਚਾਰ ਸੌ ਤੋਂ ਵਧ ਬੈਲਸਟਿਕ ਮਿਜ਼ਾਈਲਾਂ ਤੇ ਹਜ਼ਾਰ ਤੋਂ ਵੱਧ ਡਰੋਨ ਦਾਗ ਚੁੱਕਾ ਹੈ।

ਨੇਤਨਯਾਹੂ ਨੇ ਕਿਹਾ, ‘‘ਮੈਂ ਹਦਾਇਤਾਂ ਦਿੱਤੀਆਂ ਹਨ ਕਿ ਕਿਸੇ ਨੂੰ ਵੀ ਬਖ਼ਸ਼ਿਆ ਨਾ ਜਾਵੇ। ਮੈਂ ਬੋਲਣ ਵਿਚ ਨਹੀਂ ਬਲਕਿ ਕਰ ਕੇ ਦਿਖਾਉਣ ਵਿਚ ਯਕੀਨ ਰੱਖਦਾ ਹਾਂ।’’ ਉਨ੍ਹਾਂ ਕਿਹਾ, ‘‘ਜੰਗ ਦੌਰਾਨ, ਸ਼ਬਦਾਂ ਦੀ ਚੋਣ ਸਾਵਧਾਨੀ ਨਾਲ ਕਰਨੀ ਪੈਂਦੀ ਹੈ ਜਦੋਂਕਿ ਕਾਰਵਾਈ ਸਟੀਕ ਹੋਣੀ ਚਾਹੀਦੀ ਹੈ। ਸਾਰੇ ਬਦਲ ਖੁੱਲ੍ਹੇ ਹਨ। ਪ੍ਰੈੱਸ ਵਿੱਚ ਇਸ ਬਾਰੇ ਗੱਲ ਨਾ ਕਰਨਾ ਹੀ ਠੀਕ ਹੈ।’’ ਪ੍ਰਧਾਨ ਮੰਤਰੀ ਨੇ ਕਿਹਾ ਕਿ ਇਰਾਨ ਵਿੱਚ ਇਜ਼ਰਾਈਲ ਦੀ ਫੌਜੀ ਕਾਰਵਾਈ ਉਸ ਦੇ ਪ੍ਰਮਾਣੂ ਪ੍ਰੋਗਰਾਮ ਤੇ ਮਿਜ਼ਾਈਲ ਭੰਡਾਰ ਖਿਲਾਫ਼ ਸੀ ਤਾਂ ਕਿ ਉਨ੍ਹਾਂ ਦੇ ਮੁਲਕ ਨੂੰ ਬਚਾਇਆ ਜਾ ਸਕੇ। ਉਧਰ ਇਜ਼ਰਾਈਲ ਦੇ ਰੱਖਿਆ ਮੰਤਰੀ ਇਜ਼ਰਾਈਲ ਕਾਟਜ਼ ਨੇ ਜਨਤਕ ਤੌਰ ’ਤੇ ਖਮੇਨੀ ਨੂੰ ਧਮਕੀ ਦਿੱਤੀ ਹੈ। ਕਾਟਜ਼ ਨੇ ਹੋਲੋਨ ਸ਼ਹਿਰ ਵਿਚ ਇਰਾਨੀ ਹਮਲੇ ਦੀ ਜ਼ੱਦ ਵਿਚ ਆਈ ਥਾਂ ਦੀ ਫੇਰੀ ਮੌਕੇ ਕਿਹਾ, ‘‘ਆਧੁਨਿਕ ਹਿਟਲਰ, ਖਮੇਨੀ ਦੀ ਹੋਂਦ ਨੂੰ ਰੋਕਣਾ – ਇਸ ਕਾਰਵਾਈ ਦੇ ਟੀਚਿਆਂ ਵਿੱਚੋਂ ਇੱਕ ਹੈ।’’ ਇਸ ਦੌਰਾਨ ਇਰਾਨ ਵੱਲੋਂ ਰਮਾਤ ਗਾਨ, ਹੋਲੋਂ ਤੇ ਬੀਰਸ਼ੇਬਾ ਵਿਚ ਕੀਤੇ ਸੱਜਰੇ ਬੈਲਸਟਿਕ ਮਿਜ਼ਾਈਲ ਹਮਲਿਆਂ ਮਗਰੋਂ ਕੁੱਲ ਮਿਲਾ ਕੇ 147 ਵਿਅਕਤੀਆਂ ਨੂੰ ਵੱਖ ਵੱਖ ਹਸਪਤਾਲਾਂ ਵਿਚ ਲਿਆਂਦਾ ਗਿਆ ਹੈ। -ਪੀਟੀਆਈ

## ਪਾਰਟੀ ਦੇ ਵਿਧੀ ਵਿਧਾਨ ਅਨੁਸਾਰ ਜੁਲਾਈ ਮਹੀਨੇ ਵਿੱਚ ਡੈਲੀਗੇਟਾਂ ਦੀ ਚੋਣ ਕਰਨ ਉਪਰੰਤ ਪ੍ਰਧਾਨ ਦੀ ਚੋਣ ਦਾ ਕੀਤਾ ਜਾਵੇਗਾ ਐਲਾਨ

### ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਦੁਆਰਾ ਭਰਤੀ ਪ੍ਰਕਿਰਿਆ ਨਿਰੋਲ ਪਾਰਦਰਸ਼ਤਾ ਅਤੇ ਉਤਸ਼ਾਹ ਨਾਲ ਚਲ ਰਹੀ ਹੈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com



ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਭਰਤੀ ਕਮੇਟੀ ਮੈਂਬਰਾਂ ਸਰਦਾਰ ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਵਲੋਂ ਭਰਤੀ ਸਮੀਖਿਆ ਨੂੰ ਲੈਕੇ ਅਹਿਮ ਮੀਟਿੰਗ ਕੀਤੀ ਗਈ। ਭਰਤੀ ਕਮੇਟੀ ਮੈਬਰਾਂ ਨੇ ਜਾਰੀ ਭਰਤੀ ਮੁਹਿੰਮ ਤੇ ਸੰਤੁਸ਼ਟੀ ਜਾਹਿਰ ਕਰਦੇ ਹੋਏ ਕਿਹਾ ਕਿ ਹੁਣ ਤੱਕ ਭਰਤੀ ਪ੍ਰਕਿਰਿਆ ਨਿਰੋਲ ਪਾਰਦਰਸ਼ਤਾ ਅਤੇ ਉਤਸ਼ਾਹ ਨਾਲ ਚਲ ਰਹੀ ਹੈ।

ਭਰਤੀ ਕਮੇਟੀ ਮੈਬਰਾਂ ਨੇ ਸਮੀਖਿਆ ਦੌਰਾਨ ਆਏ ਸੁਝਾਅ ਅਤੇ ਵਰਕਰਾਂ ਦੀ ਮੰਗ ਨੂੰ ਵੇਖਦੇ ਹੋਏ ਭਰਤੀ ਲਈ ਆਖਰੀ ਮਿਤੀ 30 ਜੂਨ ਤੱਕ ਵਧਾਉਣ ਦਾ ਫੈਸਲਾ ਕੀਤਾ ਹੈ। ਆਖਰੀ ਮਿਤੀ ਤੋਂ ਬਾਅਦ ਪ੍ਰਾਪਤ ਕਾਪੀਆਂ ਦੀ ਪੜਤਾਲ ਕਰਨ ਉਪਰੰਤ ਜੁਲਾਈ ਮਹੀਨੇ ਵਿੱਚ ਡੇਲੀਗੇਟਾਂ ਦੀ ਚੋਣ ਪੂਰੀ ਕਰ ਲਈ ਜਾਵੇਗੀ। ਡੇਲੀਗੇਟਾਂ ਦੀ ਚੋਣ ਕਰਨ ਉਪਰੰਤ ਜਨਰਲ ਇਜਲਾਸ ਲਈ ਤਰੀਕ ਦਾ ਐਲਾਨ ਕਰ ਦਿੱਤਾ ਜਾਵੇਗਾ ਤਾਂ ਕਿ ਹੁਕਮਨਾਮਾ ਸਾਹਿਬ ਦੇ ਇੰਨ ਬਿੰਨ ਪੂਰਤੀ ਲਈ ਪਾਰਟੀ ਦੇ ਵਿਧੀ ਵਿਧਾਨ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਮੇਤ ਬਾਕੀ ਅਹੁਦੇਦਾਰਾਂ ਦੀ ਚੋਣ ਕਰ ਲਈ ਜਾਵੇਗੀ।

ਇਸ ਦੇ ਨਾਲ ਹੀ ਭਰਤੀ ਕਮੇਟੀ ਮੈਬਰਾਂ ਨੇ ਦੋ ਦਸੰਬਰ ਨੂੰ ਜਾਰੀ ਹੁਕਮਨਾਮਾ ਸਾਹਿਬ ਵਿੱਚ ਅਕਾਲੀ ਵਰਕਰਾਂ ਨੂੰ ਸਵਾ ਲੱਖ ਬੂਟੇ ਲਗਾਉਣ ਦੇ ਹੁਕਮ ਹੋਏ ਸਨ, ਜਿਸ ਦੀ ਅੱਜ ਭਰਤੀ ਕਮੇਟੀ ਨੇ ਸ਼ੁਰੂਆਤ ਕਰ ਦਿੱਤੀ ਹੈ। ਭਰਤੀ ਕਮੇਟੀ ਮੈਬਰਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨੂੰ ਅਪੀਲ ਕੀਤੀ ਕਿ, ਸਾਰੇ ਵਰਕਰ ਅਗਲੇ ਦਿਨਾਂ ਵਿੱਚ ਇੱਕ ਇੱਕ ਬੂਟਾ ਜ਼ਰੂਰ ਲਗਾਉਣ ਤਾਂ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਅਨੁਸਾਰ ਵਾਤਾਵਰਣ ਦੀ ਸੰਭਾਲ ਹੋ ਸਕੇ ਅਤੇ ਬੂਟਾ ਲਗਾਉਂਦੇ ਹੋਏ ਆਪਣੀ ਤਸਵੀਰ ਸੋਸ਼ਲ ਮੀਡੀਆ ਦੇ ਪਲੇਟਫਾਰਮ ਤੇ ਵੀ ਜਰੂਰ ਸਾਂਝਾ ਕਰਨ।

## ਉੱਚ ਸਿੱਖਿਆ ਦਾ ਸੁਪਨਾ ਦੇਖ ਰਹੇ ਲੱਖਾਂ ਭਾਰਤੀ ਵਿਦਿਆਰਥੀਆਂ ਨੂੰ ਵੱਡੀ ਰਾਹਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com

ਅਮਰੀਕਾ (America) ਵਿੱਚ ਉੱਚ ਸਿੱਖਿਆ ਦਾ ਸੁਪਨਾ ਦੇਖ ਰਹੇ ਲੱਖਾਂ ਭਾਰਤੀ ਵਿਦਿਆਰਥੀਆਂ ਨੂੰ ਵੱਡੀ ਰਾਹਤ ਮਿਲੀ ਹੈ। ਦੱਸ ਦੇਈਏ ਕਿ ਟਰੰਪ ਪ੍ਰਸ਼ਾਸਨ ਨੇ ਸਟੱਡੀ ਵੀਜ਼ਾ ‘ਤੇ ਅਸਥਾਈ ਪਾਬੰਦੀ ਹਟਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਵਿਦਿਆਰਥੀ ਇੱਕ ਵਾਰ ਫਿਰ ਅਮਰੀਕਾ ਜਾ ਕੇ ਪੜ੍ਹਾਈ ਕਰ ਸਕਣਗੇ।

ਅਮਰੀਕੀ ਵਿਦੇਸ਼ ਵਿਭਾਗ ਨੇ ਐਲਾਨ ਕੀਤਾ ਕਿ ਵਿਦੇਸ਼ੀ ਵਿਦਿਆਰਥੀਆਂ ਲਈ ਵਿਦਿਆਰਥੀ ਵੀਜ਼ਾ ਪ੍ਰਕਿਰਿਆ ਦੁਬਾਰਾ ਸ਼ੁਰੂ ਹੋ ਰਹੀ ਹੈ, ਪਰ ਹੁਣ ਸਾਰੇ ਬਿਨੈਕਾਰਾਂ ਨੂੰ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਜਨਤਕ ਕਰਨਾ ਹੋਵੇਗਾ ਅਤੇ ਸਰਕਾਰੀ ਜਾਂਚ ਲਈ ਖੁੱਲ੍ਹਾ ਰੱਖਣਾ ਹੋਵੇਗਾ। ਮੰਤਰਾਲੇ ਨੇ ਕਿਹਾ ਕਿ ਅਧਿਕਾਰੀ ਅਜਿਹੀਆਂ ਪੋਸਟਾਂ ਅਤੇ ਸੰਦੇਸ਼ਾਂ ਦੀ ਜਾਂਚ ਕਰਨਗੇ ਜੋ ਅਮਰੀਕੀ ਸਰਕਾਰ, ਸੱਭਿਆਚਾਰ, ਸੰਸਥਾਵਾਂ ਜਾਂ ਮੂਲ ਸਿਧਾਂਤਾਂ ਲਈ ਅਪਮਾਨਜਨਕ ਹੋ ਸਕਦੀਆਂ ਹਨ। ਜਿਹੜੇ ਬਿਨੈਕਾਰ ਆਪਣੇ ਸੋਸ਼ਲ ਮੀਡੀਆ ਖਾਤਿਆਂ ਨੂੰ ਜਨਤਕ ਕਰਨ ਤੋਂ ਇਨਕਾਰ ਕਰਦੇ ਹਨ, ਉਨ੍ਹਾਂ ਦੀਆਂ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਜਾ ਸਕਦੀਆਂ ਹਨ।

ਪਿਛਲੇ ਮਹੀਨੇ, ਟਰੰਪ ਪ੍ਰਸ਼ਾਸਨ ਨੇ ਨਵੇਂ ਵੀਜ਼ਾ ਇੰਟਰਵਿਊਆਂ ਨੂੰ ਅਸਥਾਈ ਤੌਰ ‘ਤੇ ਰੋਕ ਦਿੱਤਾ ਸੀ। ਜਿਸ ਤੋਂ ਬਾਅਦ ਦੁਨੀਆ ਭਰ ਦੇ ਵਿਦਿਆਰਥੀ ਵੀਜ਼ਾ ਇੰਟਰਵਿਊ ਦੀਆਂ ਤਰੀਕਾਂ ਦੀ ਉਡੀਕ ਕਰ ਰਹੇ ਸਨ। ਹਰ ਸਾਲ ਪੰਜਾਬ ਤੋਂ ਵੀ ਹਜ਼ਾਰਾਂ ਵਿਦਿਆਰਥੀ ਅਮਰੀਕਾ ਵਿੱਚ ਪੜ੍ਹਾਈ ਕਰਨ ਲਈ ਅਰਜ਼ੀ ਦਿੰਦੇ ਹਨ। ਹਾਲ ਹੀ ਵਿੱਚ, ਵੀਜ਼ਾ ਪ੍ਰਕਿਰਿਆ ਵਿੱਚ ਰੋਕ ਲੱਗਣ ਕਾਰਨ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਸੀ। ਪਰ ਹੁਣ ਇਸ ਪਾਬੰਦੀ ਦੇ ਹਟਣ ਨਾਲ, ਉਨ੍ਹਾਂ ਨੂੰ ਨਾ ਸਿਰਫ਼ ਰਾਹਤ ਮਿਲੇਗੀ ਬਲਕਿ ਨਵੀਆਂ ਸ਼ਰਤਾਂ ਅਨੁਸਾਰ ਤਿਆਰੀ ਕਰਨ ਦਾ ਸਮਾਂ ਵੀ ਮਿਲੇਗਾ।

## ਲੁਧਿਆਣਾ ਪੱਛਮੀ ਜ਼ਿਮਨੀ ਚੋਣ ਅਮਨ ਅਮਾਨ ਨਾਲ ਨੇਪਰੇ ਚੜ੍ਹੀ: 51.33 ਪ੍ਰਤੀਸ਼ਤ ਵੋਟਿੰਗ ਹੋਈ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com

ਲੁਧਿਆਣਾ 19 ਜੂਨ 2025 - ਲੁਧਿਆਣਾ ਪੱਛਮੀ ਉੱਪ ਚੋਣਾਂ ਸ਼ਾਂਤੀ ਪੂਰਵਕ ਤਰੀਕੇ ਨਾਲ ਸਮਾਪਤ ਹੋਈਆਂ। ਕੁਲ ਵੋਟਾਂ ਵਿੱਚੋ 51.33 ਪ੍ਰਤੀਸ਼ਤ ਵੋਟਿੰਗ ਦਰਜ ਹੋਈ। ਕਿਸੇ ਵੀ ਪੋਲਿੰਗ ਸਟੇਸ਼ਨ ਤੇ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਨ ਦਾ ਸਮਾਚਾਰ ਪ੍ਰਾਪਤ ਨਹੀਂ ਹੋਇਆ । ਬਜ਼ੁਰਗ ,ਔਰਤਾਂ ਅਤੇ ਨੌਜਵਾਨਾਂ ਤੇ ਆਪਣੇ ਅਧਿਕਾਰ ਦੀ ਵਰਤੋਂ ਕੀਤੀ । ਵੋਟਾਂ ਸ਼ਾਮ 6 ਵਜੇ ਸਮਾਪਤ ਹੋਈਆਂ। ਡਿਪਟੀ ਕਮਿਸ਼ਨਰ ਹਿਮਾਂਸ਼ੂ ਜੈਂਨ ਅਤੇ ਕਮਿਸ਼ਨਰ ਲੁਧਿਆਣਾ ਪੁਲਸ ਸਵਪਨ ਸ਼ਰਮਾਂ ਨੇ ਨਿਰਵਿਘਨ ਚੋਣਾਂ ਲਈ ਹਲਕਾ ਵੈਸਟ ਦੇ ਵੋਟਰਾਂ ਦਾ ਧੰਨਵਾਦ ਕੀਤਾ।

## ਸੂਬੇ ਵਿਚ ਟ੍ਰੈਫਿਕ ਸੈਂਸਸ ਕਰਵਾਉਣ ਦੇ ਹੁਕਮ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com

ਪੰਜਾਬ ਦੇ ਲੋਕ ਨਿਰਮਾਣ ਮੰਤਰੀ ਸ ਹਰਭਜਨ ਸਿੰਘ ਈ ਟੀ ਓ ਨੇ ਅੱਜ ਸੂਬੇ ਵਿਚ ਟ੍ਰੈਫਿਕ ਸੈਂਸਸ ਕਰਵਾਉਣ ਦੇ ਹੁਕਮ ਦਿੱਤੇ ਹਨ।

ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸੂਬੇ ਦੀਆਂ ਸੜਕਾਂ ਉਤੇ 30 ਸਤੰਬਰ 2025 ਤੱਕ ਟ੍ਰੈਫਿਕ ਸੈਂਸਸ ਨੂੰ ਮੁਕੰਮਲ ਕਰ ਲਿਆ ਜਾਵੇ ਜ਼ੋ ਕਿ ਸੜਕਾਂ ਦੀ ਅਪਗ੍ਰੇਡਸ਼ਨ ਅਤੇ ਨਵੀਂ ਉਸਾਰੀ ਨੂੰ ਹੋਰ ਤਰਕਸੰਗਤ ਬਣਾਉਣ ਵਿੱਚ ਸਹਾਇਕ ਸਿੱਧ ਹੋਵੇਗਾ। ਇਸ ਤੋਂ ਇਲਾਵਾ ਟ੍ਰੈਫਿਕ ਸੈਂਸਸ ਨਾਲ ਸਬੰਧਤ ਡਾਟਾ ਰਾਹੀਂ ਸੜਕਾਂ ਦੀ ਨਵੀਂ ਉਸਾਰੀ, ਚੌੜਾ ਕਰਨ ਅਤੇ ਹੋਰ ਲੋੜੀਂਦੇ ਸੁਧਾਰ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸੜਕੀ ਆਵਾਜਾਈ ਨੂੰ ਹੋਰ ਸੁਰੱਖਿਅਤ ਬਣਾਇਆ ਜਾ ਸਕੇਗਾ ਜਿਸ ਨਾਲ ਦੁਰਘਟਨਾਵਾਂ ਵਿੱਚ ਹੁੰਦੇ ਵਡਮੁੱਲੇ ਜਾਨੀ ਨੁਕਸਾਨ ਤੋਂ ਵੀ ਬਚਾਅ ਹੋਵੇਗਾ।

# ਬਸਪਾ ਦੀ 22 ਜੂਨ ਵਾਲੀ ਸੰਗਰੂਰ ਮਹਾਂ ਰੈਲੀ ਇਤਿਹਾਸਕ ਕ੍ਰਾਂਤੀ ਲੈ ਕੇ ਆਵੇਗੀ - ਚੋਪੜਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com

ਭਵਾਨੀਗੜ੍ਹ,19 ਜੂਨ (ਜਗਸੀਰ ਸਿੰਘ ) - ਪੰਜਾਬ ਸੰਭਾਲੇ ਮੁਹਿੰਮ ਤਹਿਤ ਜੋ ਜਮੀਨ ਸਰਕਾਰੀ ਹੈ ਵੋਹ ਜਮੀਨ ਹਮਾਰੀ ਹੈ ਦੇ ਮੰਤਵ ਤਹਿਤ ਬਹੁਜਨ ਸਮਾਜ ਪਾਰਟੀ ਲੋਕ ਸਭਾ ਸੰਗਰੂਰ ਦੀ 22 ਜੂਨ ਨੂੰ ਸੰਗਰੂਰ ਵਿੱਚ ਮਹਾਂ ਰੈਲੀ ਹੋਣ ਜਾ ਰਹੀ ਹੈ । ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਬੇਜ਼ਮੀਨੇ ਲੋਕ ਇਕੱਠੇ ਹੋ ਰਹੇ ਹਨ । ਭਾਰਤ ਦੇਸ਼ ਦੇ ਮੂਲ ਨਿਵਾਸੀ ਸਮਾਜ ਹਜ਼ਾਰਾਂ ਸਾਲਾਂ ਤੋਂ ਸਮਾਜਿਕ ਅਤੇ ਆਰਥਿਕ ਗੁਲਾਮੀ ਝੱਲ ਰਹੇ ਹਨ , ਕਿਸਾਨ ਮਜ਼ਦੂਰ ਅਤੇ ਮੱਧ ਵਰਗ ਪ੍ਰੀਵਾਰ ਗਰੀਬ ਤੋ ਹੋਰ ਗਰੀਬ ਹੋ ਰਿਹਾ ਹੈ ਇਹ ਵਰਗ ਸਿਰਫ ਬਸਪਾ ਦੀ ਸਰਕਾਰ ਵਿੱਚ ਹੀ ਤਰੱਕੀ ਕਰ ਕਰਦਾ ਹੈ ਕਿਉਂਕਿ ਹੁਣ ਤੱਕ ਕਾਂਗਰਸ , ਭਾਜਪਾ , ਅਕਾਲੀ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਇਸ ਵਰਗ ਨੂੰ ਲਾਰਿਆਂ ਤੋਂ ਸਿਵਾਏ ਕੁਝ ਨਹੀਂ ਦਿੱਤਾ ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਭਵਾਨੀਗੜ੍ਹ ਤੋਂ ਸਮਾਜ ਸੇਵੀ ਅਤੇ ਬਸਪਾ ਦੇ ਸੀਨੀਅਰ ਆਗੂ ਜਸਵਿੰਦਰ ਸਿੰਘ ਚੋਪੜਾ ਨੇ ਅੱਜ ਪੱਤਰਕਾਰਾਂ ਨਾਲ ਸਾਂਝੇ ਕੀਤਾ । ਸ੍ਰ ਚੋਪੜਾ ਨੇ ਕਿਹਾ ਕਿ ਆਓ ਸਾਰੇ ਸਰਕਾਰੀ ਜਮੀਨਾਂ ਦੇ ਪੱਕੇ ਤੌਰ ਤੇ ਮਾਲਕੀ ਦਾ ਹੱਕ ਲੈਣ ਲਈ ਇਕੱਠੇ ਹੋਈਏ , ਸੋਚਣ ਦਾ ਵਿਸ਼ਾ ਇਹ ਹੈ ਤੀਜੇ ਹਿੱਸੇ ਦੀ ਪੰਚਾਇਤੀ ਜਮੀਨ ਠੇਕੇ ਤੇ ਲੈਣ ਲਈ ਵੀ ਬੇਜ਼ਮੀਨੇ ਗਰੀਬ ਲੋਕਾਂ ਨੂੰ ਸੰਘਰਸ਼ ਕਰਨਾ ਪੈ ਰਿਹਾ ਹੈ ਜਦਕਿ ਇਹ ਸਾਡਾ ਬਣਦਾ ਹੱਕ ਹੈ ਪਰ ਅਫ਼ਸੋਸ ਇਹ ਸਰਕਾਰਾਂ ਸਿਰਫ਼ ਸਰਮਾਏਦਾਰਾਂ ਨੂੰ ਹੀ ਪੁਜਦੀਆਂ ਆ ਰਹੀਆਂ ਹਨ । ਪੰਜਾਬ ਵਿੱਚ ਬਹੁਜਨ ਸਮਾਜ ਹੁਣ ਤਰਕ ਨਾਲ ਸਹੀ ਗਲਤ ਸਭ ਸਮਝਦਾ ਹੈ ਵੈਸੇ ਵੀ ਪੰਜਾਬ ਦੇ ਲੋਕਾਂ ਦਾ ਸਾਰੀਆਂ ਸਿਆਸੀ ਪਾਰਟੀਆਂ ਤੇ ਮੋਹ ਭੰਗ ਹੋ ਗਿਆ ਹੈ ਨਿਰਾਸ਼ ਲੋਕਾਂ ਨੂੰ ਆਸਾ ਦੀ ਕਿਰਨ ਸਿਰਫ ਬਸਪਾ ਰੂਪੀ ਸਰਕਾਰ ਵਿੱਚ ਹੀ ਆ ਰਹੀ ਹੈ । ਪੰਜਾਬੀ ਐਤਕੀਂ ਬਸਪਾ ਨੂੰ ਵੱਡੀ ਬਹੁਮਤ ਨਾਲ ਸਰਕਾਰ ਬਣਾਉਣ ਦਾ ਫਤਵਾ ਦੇਣਗੇ । ਉਨਾਂ 22 ਜੂਨ ਨੂੰ ਸੰਗਰੂਰ ਵਿੱਚ ਹੋ ਰਹੀ ਮਹਾ ਰੈਲੀ ਵਿੱਚ ਪ੍ਰੀਵਾਰਾਂ ਸਮੇਤ ਪਹੁੰਚਣ ਦੀ ਅਪੀਲ ਵੀ ਕੀਤੀ ਅਤੇ ਅੰਤ ਵਿੱਚ ਕਿਹਾ ਕਿ ਬਹੁਜਨ ਸਮਾਜ ਪਾਰਟੀ ਹੀ ਮੂਲ ਨਿਵਾਸੀਆਂ ਦੀ ਅਪਣੀ ਅਸਲ ਪਾਰਟੀ ਅਤੇ ਅਸਲੀ ਘਰ ਹੈ ।



# ਕੀ ਯੂਪੀ ਪੁਲਿਸ ਦੀ ਭਰਤੀ ਸੱਚਮੁੱਚ ਯੋਗਤਾ ਦੇ ਆਧਾਰ 'ਤੇ ਕੀਤੀ ਗਈ ਸੀ? ਮਾਇਆਵਤੀ ਨੇ ਯੋਗੀ ਸਰਕਾਰ ਦਾ ਪਰਦਾਫਾਸ਼ ਕੀਤਾ!

## ਮਾਇਆਵਤੀ ਨੇ ਯੂਪੀ ਕਾਂਸਟੇਬਲ ਭਰਤੀ ਨੂੰ 'ਰੁਟੀਨ ਪ੍ਰਕਿਰਿਆ' ਦੱਸਿਆ, ਯੋਗੀ ਸਰਕਾਰ 'ਤੇ ਪ੍ਰਚਾਰ ਦਾ ਦੋਸ਼ ਲਗਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com

ਨਵੀਂ ਦਿੱਲੀ। ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੇ ਯੋਗੀ ਸਰਕਾਰ ਵਿੱਚ ਹਾਲ ਹੀ ਵਿੱਚ ਹੋਈ ਕਾਂਸਟੇਬਲ ਭਰਤੀ 'ਤੇ ਸਵਾਲ ਉਠਾਏ ਹਨ। ਉਨ੍ਹਾਂ ਕਿਹਾ ਕਿ ਇਹ ਇੱਕ ਰੁਟੀਨ ਕੰਮ ਸੀ। ਇਸ ਵਿੱਚ ਕੁਝ ਵੀ ਨਵਾਂ ਨਹੀਂ ਸੀ ਪਰ ਸਰਕਾਰ ਦੁਆਰਾ ਇਸਦਾ ਬਹੁਤ ਪ੍ਰਚਾਰ ਕੀਤਾ ਗਿਆ ਸੀ।

ਮਾਇਆਵਤੀ ਨੇ ਸੋਸ਼ਲ ਮੀਡੀਆ ਪਲੇਟਫਾਰਮ X 'ਤੇ ਪੋਸਟ ਕੀਤਾ। ਪੋਸਟ ਵਿੱਚ, ਉਨ੍ਹਾਂ ਨੇ ਲਿਖਿਆ, "ਯੂਪੀ ਵਿੱਚ ਹਾਲ ਹੀ ਵਿੱਚ ਹੋਈ ਕਾਂਸਟੇਬਲ ਭਰਤੀ ਦਾ ਪ੍ਰਚਾਰ ਇਸ ਤਰ੍ਹਾਂ ਕੀਤਾ ਗਿਆ ਸੀ ਜਿਵੇਂ ਇਹ ਕੁਝ ਨਵਾਂ ਹੋਵੇ, ਜਦੋਂ ਕਿ ਪੁਲਿਸ ਵਿੱਚ ਅਜਿਹੀ ਭਰਤੀ ਇੱਕ ਰੁਟੀਨ ਕੰਮ ਹੈ, ਤਾਂ ਜੋ ਬੈਕਲਾਗ ਦੀ ਬੁਰਾਈ



ਪੁਲਿਸ ਵਿਭਾਗ ਵਿੱਚ ਨਾ ਆਵੇ। ਪਰ, ਕੀ ਇਸ ਭਰਤੀ ਵਿੱਚ ਪੂਰੇ ਸਮਾਜ ਨੂੰ ਸਹੀ ਅਧਿਕਾਰ ਮਿਲੇ ਜਾਂ ਨਹੀਂ ਅਤੇ ਉਨ੍ਹਾਂ ਦੀ ਸਿਖਲਾਈ ਦਾ ਕੀ? ਇਹ ਆਮ ਚਿੰਤਾ ਹੈ।"

ਦੂਜੀ ਪੋਸਟ ਵਿੱਚ, ਸਾਬਕਾ ਮੁੱਖ ਮੰਤਰੀ ਨੇ ਆਪਣੇ ਕਾਰਜਕਾਲ ਦੌਰਾਨ ਭਰਤੀ ਪ੍ਰਕਿਰਿਆ ਨੂੰ ਇਮਾਨਦਾਰ ਦੱਸਿਆ। ਉਨ੍ਹਾਂ ਲਿਖਿਆ, "ਮੇਰੀ ਬਸਪਾ ਸਰਕਾਰ ਵਿੱਚ, ਯੂਪੀ ਵਿੱਚ 'ਕਾਨੂੰਨ ਦੁਆਰਾ ਕਾਨੂੰਨ ਦੇ ਰਾਜ' ਦਾ ਨਿਆਂ-ਅਧਾਰਤ ਮਾਹੌਲ ਸਥਾਪਤ ਕਰਨ ਲਈ ਇੱਕੋ ਵਾਰ ਵਿੱਚ 1.20 ਲੱਖ ਨਵੀਆਂ ਅਸਾਮੀਆਂ ਬਣਾ ਕੇ ਪੁਲਿਸ ਭਰਤੀ ਨੂੰ ਇਮਾਨਦਾਰ ਬਣਾਇਆ ਗਿਆ ਸੀ, ਜਿਸਦੀ ਸ਼ਾਂਤੀ ਅਤੇ ਵਿਵਸਥਾ ਦਾ ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਬਿਨਾਂ ਕਿਸੇ ਭੇਦਭਾਵ ਦੇ ਲਾਭ ਹੋਇਆ, ਜਿਸਦੀ ਹੁਣ ਬਹੁਤ ਘਾਟ ਹੈ।"

ਤੁਹਾਨੂੰ ਦੱਸ ਦੇਈਏ ਕਿ 15 ਜੂਨ ਨੂੰ ਲਖਨਊ ਦੇ ਡਿਫੈਂਸ ਐਕਸਪੋ ਗਰਾਊਂਡ ਵਿਖੇ 60,244 ਨਵੇਂ ਚੁਣੇ ਗਏ ਪੁਲਿਸ ਕਾਂਸਟੇਬਲਾਂ ਨੂੰ ਨਿਯੁਕਤੀ ਪੱਤਰ ਵੰਡੇ ਗਏ ਸਨ। ਇਸ ਦੌਰਾਨ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਮੌਜੂਦ ਸਨ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਯੋਗਤਾ ਦੇ ਆਧਾਰ 'ਤੇ ਨੌਕਰੀਆਂ ਮਿਲੀਆਂ ਹਨ। ਯੋਗੀ ਸਰਕਾਰ ਦੀ ਪਿੱਠ ਥਪਥਪਾਉਂਦੇ ਹੋਏ ਉਨ੍ਹਾਂ ਕਿਹਾ ਕਿ ਰਾਜ ਹੁਣ ਦੰਗਾ ਮੁਕਤ ਹੈ। ਇੱਥੇ ਨਿਆਂ ਦਾ ਰਾਜ ਹੈ ਅਤੇ ਹੁਣ ਯੋਗਤਾ ਦੇ ਆਧਾਰ 'ਤੇ ਇੱਥੇ ਨੌਕਰੀਆਂ ਦਿੱਤੀਆਂ ਜਾਂਦੀਆਂ ਹਨ। ਅੱਜ ਕਿਸੇ ਵੀ ਨੌਜਵਾਨ ਨੂੰ ਇੱਕ ਪੈਸਾ ਵੀ ਨਹੀਂ ਦੇਣਾ ਪਿਆ, ਕੋਈ ਖਰਚਾ ਨਹੀਂ, ਕੋਈ ਸਲਿੱਪ ਨਹੀਂ, ਕੋਈ ਸਿਫਾਰਸ਼ ਨਹੀਂ, ਤੁਹਾਨੂੰ ਸਾਰਿਆਂ ਨੂੰ ਸਿਰਫ ਯੋਗਤਾ ਦੇ ਆਧਾਰ 'ਤੇ ਚੁਣਿਆ ਗਿਆ ਹੈ।

ਅਮਿਤ ਸ਼ਾਹ ਨੇ ਕਿਹਾ ਕਿ 12 ਹਜ਼ਾਰ ਧੀਆਂ ਨੇ ਵੀ ਪੁਲਿਸ ਵਿਭਾਗ ਵਿੱਚ ਆਪਣੀ ਜਗ੍ਹਾ ਬਣਾਈ ਹੈ। ਤੁਹਾਨੂੰ ਦੱਸ ਦੇਈਏ ਕਿ ਕਾਂਸਟੇਬਲ ਸਿਵਲ ਪੁਲਿਸ ਦੇ ਅਹੁਦਿਆਂ ਲਈ 48,196 ਪੁਰਸ਼ ਅਤੇ 12,048 ਮਹਿਲਾ ਉਮੀਦਵਾਰਾਂ ਦੀ ਚੋਣ ਕੀਤੀ ਗਈ ਹੈ।

# ਸਰਕਾਰੀ ਸਕੂਲਾਂ ਦੀਆਂ ਦਲਿਤ ਕੁੜੀਆਂ ਨੇ ਕਮਾਲ ਕਰ ਦਿਖਾਇਆ ਹੈ - ਮਿਰਜ਼ਾਪੁਰ ਦੀਆਂ 12 ਕੁੜੀਆਂ NEET ਟਾਪਰ ਬਣੀਆਂ, ਜਾਣੋ ਕਿਵੇਂ!

## ਸਰਵੋਦਿਆ ਵਿਦਿਆਲਿਆ ਮਾਰੀਹਾਨ ਦੀਆਂ ਦਲਿਤ ਅਤੇ ਪਛੜੇ ਵਰਗ ਦੀਆਂ ਕੁੜੀਆਂ ਨੇ ਮੁਫ਼ਤ ਸਿੱਖਿਆ ਅਤੇ ਕੋਚਿੰਗ ਦੇ ਆਧਾਰ 'ਤੇ ਮੈਡੀਕਲ ਦਾਖਲਾ ਪ੍ਰੀਖਿਆ ਵਿੱਚ ਇਤਿਹਾਸਕ ਸਫਲਤਾ ਹਾਸਲ ਕੀਤੀ।

ਮਿਰਜ਼ਾਪੁਰ, ਉੱਤਰ ਪ੍ਰਦੇਸ਼: ਮਿਰਜ਼ਾਪੁਰ ਜ਼ਿਲ੍ਹੇ ਦੇ ਦੂਰ-ਦੁਰਾਡੇ ਮਰੀਹਾਨ ਖੇਤਰ ਵਿੱਚ ਸਥਿਤ ਇੱਕ ਸਰਕਾਰੀ ਰਿਹਾਇਸ਼ੀ ਸਕੂਲ ਦੀਆਂ 12 ਦਲਿਤ ਅਤੇ ਪਛੜੀਆਂ ਸ਼੍ਰੇਣੀਆਂ ਦੀਆਂ ਵਿਦਿਆਰਥਣਾਂ ਨੇ NEET-UG 2024 ਦੀ ਪ੍ਰੀਖਿਆ ਪਾਸ ਕਰਕੇ ਇਸ ਖੇਤਰ ਵਿੱਚ ਸਿੱਖਿਆ ਦੇ ਖੇਤਰ ਵਿੱਚ ਇੱਕ ਨਵਾਂ ਇਤਿਹਾਸ ਰਚਿਆ ਹੈ। ਇਨ੍ਹਾਂ ਵਿਦਿਆਰਥਣਾਂ ਦੀ ਸਫਲਤਾ ਨੂੰ ਸਮਾਜ ਦੇ ਕਈ ਵਰਗਾਂ ਨੇ ਇੱਕ "ਮੀਲ ਪੱਥਰ" ਦੱਸਿਆ ਹੈ।

ਅਧਿਕਾਰੀਆਂ ਦੇ ਅਨੁਸਾਰ, ਮਰੀਹਾਨ ਦੇ ਸਰਵੋਦਿਆ ਵਿਦਿਆਲਿਆ ਦੀਆਂ ਕੁੱਲ 25 ਵਿਦਿਆਰਥਣਾਂ ਨੇ NEET-UG ਪ੍ਰੀਖਿਆ ਦਿੱਤੀ ਸੀ, ਜਿਸ ਦੇ ਨਤੀਜੇ 14 ਜੂਨ ਨੂੰ ਐਲਾਨੇ ਗਏ ਸਨ। ਇਨ੍ਹਾਂ ਵਿੱਚੋਂ 12 ਵਿਦਿਆਰਥਣਾਂ ਨੇ ਸਫਲਤਾ ਪ੍ਰਾਪਤ ਕੀਤੀ ਹੈ। ਸਫਲ ਵਿਦਿਆਰਥਣਾਂ ਵਿੱਚ ਸ਼ਵੇਤਾ ਪਾਲ, ਕੁਮਾਰੀ ਪੂਜਾ ਰੰਜਨ, ਪ੍ਰਿੰਸੀ, ਮਾਲਤੀ, ਕੋਮਲ ਕੁਮਾਰੀ, ਲਕਸ਼ਮੀ, ਅਨੁਰਾਧਾ, ਕੋਮਲ, ਲਕਸ਼ਮੀ, ਸੰਧਿਆ ਪ੍ਰਜਾਪਤੀ, ਦੀਪਤੀ ਗੁਪਤਾ ਅਤੇ ਪੂਜਾ ਸੋਨਕਰ ਸ਼ਾਮਲ ਹਨ। ਇਹ ਸਾਰੀਆਂ ਅਨੁਸੂਚਿਤ ਜਾਤੀ (SC), ਅਨੁਸੂਚਿਤ ਜਨਜਾਤੀ (ST) ਅਤੇ ਹੋਰ ਪੱਛੜੀਆਂ ਸ਼੍ਰੇਣੀਆਂ (OBC) ਤੋਂ ਆਉਂਦੀਆਂ ਹਨ।

### ਸਖ਼ਤ ਮਿਹਨਤ ਅਤੇ ਸਕੂਲ ਦੇ ਸਹਿਯੋਗ ਦਾ ਨਤੀਜਾ

ਸਫਲ ਵਿਦਿਆਰਥਣ ਸ਼ਵੇਤਾ ਪਾਲ ਨੇ ਕਿਹਾ, "ਸਾਡੇ ਅਧਿਆਪਕ ਅਤੇ ਵਾਰਡਨ ਹਮੇਸ਼ਾ ਸਾਨੂੰ ਪੜ੍ਹਾਈ 'ਤੇ ਧਿਆਨ ਕੇਂਦਰਿਤ ਕਰਨ ਲਈ ਪ੍ਰੇਰਿਤ ਕਰਦੇ ਸਨ। ਸਾਡੇ ਕੈਮਿਸਟਰੀ ਅਧਿਆਪਕ ਅਰਵਿੰਦ ਸਰ ਅਤੇ ਜੀਵ ਵਿਗਿਆਨ ਅਧਿਆਪਕ ਸੁਧੀਰ ਸਰ ਹਮੇਸ਼ਾ ਮਾਰਗਦਰਸ਼ਨ ਲਈ ਉਪਲਬਧ ਰਹਿੰਦੇ ਸਨ। ਸਕੂਲ ਵਿੱਚ ਮਾਨਸਿਕ ਤਾਜ਼ਗੀ ਲਈ ਅੰਦਰੂਨੀ ਅਤੇ ਬਾਹਰੀ ਖੇਡਾਂ ਵੀ ਹੁੰਦੀਆਂ ਸਨ।"

ਸ਼ਵੇਤਾ ਦੇ ਪਿਤਾ ਹੀਰਾ ਲਾਲ ਨੇ ਵੀ ਸਕੂਲ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ, "ਸਕੂਲ ਅਤੇ ਹੋਸਟਲ ਦੇ ਪ੍ਰਬੰਧ ਬਹੁਤ ਵਧੀਆ ਸਨ। ਅਧਿਆਪਕ ਬਹੁਤ ਸਹਿਯੋਗੀ ਅਤੇ ਉਤਸ਼ਾਹਜਨਕ ਸਨ।"

ਇੱਕ ਹੋਰ ਵਿਦਿਆਰਥਣ ਪੂਜਾ ਰੰਜਨ ਦੇ ਪਿਤਾ ਰਮੇਸ਼ ਰੰਜਨ ਨੇ ਕਿਹਾ ਕਿ ਉਨ੍ਹਾਂ ਦੀ ਧੀ ਨੇ ਪਹਿਲੀ ਕੋਸ਼ਿਸ਼ ਵਿੱਚ ਹੀ ਪ੍ਰੀਖਿਆ ਪਾਸ ਕੀਤੀ। ਉਨ੍ਹਾਂ ਕਿਹਾ, "ਪੂਜਾ ਪਹਿਲਾਂ ਸੋਨਭਦਰ ਦੇ ਸਰਵੋਦਿਆ ਵਿਦਿਆਲਿਆ ਵਿੱਚ ਪੜ੍ਹਦੀ ਸੀ, ਪਰ 11ਵੀਂ ਅਤੇ 12ਵੀਂ ਜਮਾਤ ਲਈ ਮਰੀਹਾਨ ਆਈ ਸੀ। ਉਸਨੇ ਯੂਪੀ ਬੋਰਡ ਵਿੱਚ 81% ਅੰਕ ਪ੍ਰਾਪਤ ਕੀਤੇ। ਉਹ ਦਿਨ ਵਿੱਚ 16 ਤੋਂ 18 ਘੰਟੇ ਪੜ੍ਹਦੀ ਸੀ — ਸਕੂਲ ਵਿੱਚ 6 ਘੰਟੇ, ਕੋਚਿੰਗ ਵਿੱਚ 5 ਘੰਟੇ ਅਤੇ ਸਵੈ-ਅਧਿਐਨ ਵਿੱਚ 6-7 ਘੰਟੇ।"

### ਅਧਿਕਾਰੀਆਂ ਅਤੇ ਆਗੂਆਂ ਨੇ ਵਧਾਈ ਦਿੱਤੀ

ਇਨ੍ਹਾਂ ਵਿਦਿਆਰਥੀਆਂ ਦੀ ਸਫਲਤਾ ਨੇ ਰਾਜ ਦੇ ਸੀਨੀਅਰ ਅਧਿਕਾਰੀਆਂ ਅਤੇ ਆਗੂਆਂ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ। ਉੱਤਰ ਪ੍ਰਦੇਸ਼ ਦੇ ਸਮਾਜ ਭਲਾਈ ਮੰਤਰੀ ਅਸੀਮ ਅਰੁਣ ਨੇ ਇਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਇਸਨੂੰ "ਵੱਡੀ ਸਫਲਤਾ" ਦੱਸਦੇ ਹੋਏ, ਉਨ੍ਹਾਂ ਕਿਹਾ, "ਕੁਝ ਸਾਲਾਂ ਬਾਅਦ, ਇਹ ਧੀਆਂ ਡਾਕਟਰ ਬਣਨਗੀਆਂ ਅਤੇ ਲੋਕਾਂ ਦੀਆਂ ਜਾਨਾਂ ਬਚਾਉਣਗੀਆਂ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਉਨ੍ਹਾਂ ਦੀ ਸਕਾਲਰਸ਼ਿਪ ਵਿੱਚ ਕੋਈ ਰੁਕਾਵਟ ਨਾ ਆਵੇ।"

ਮਿਰਜ਼ਾਪੁਰ ਦੀ ਜ਼ਿਲ੍ਹਾ ਮੈਜਿਸਟ੍ਰੇਟ ਪ੍ਰਿਯੰਕਾ ਨਿਰੰਜਨ ਨੇ ਕਿਹਾ, "ਇਹ ਖੇਤਰ ਲਈ ਇੱਕ ਇਤਿਹਾਸਕ ਪ੍ਰਾਪਤੀ ਹੈ। ਮਾਰੀਹਾਨ ਦਾ ਸਰਵੋਦਿਆ ਵਿਦਿਆਲਿਆ ਸਰਕਾਰੀ ਸਕੂਲਾਂ ਲਈ ਇੱਕ ਆਦਰਸ਼ ਮਾਡਲ ਵਜੋਂ ਉੱਭਰਿਆ ਹੈ। ਇਹ ਇੱਕ ਰਿਹਾਇਸ਼ੀ ਸਕੂਲ ਹੈ, ਜਿੱਥੇ ਵਿਦਿਆਰਥਣਾਂ ਦੋ ਸਾਲ ਜਾਂ ਇਸ ਤੋਂ ਵੱਧ ਸਮੇਂ ਤੋਂ ਰਹਿ ਰਹੀਆਂ ਹਨ ਅਤੇ ਪੜ੍ਹ ਰਹੀਆਂ ਹਨ। ਉਨ੍ਹਾਂ ਨੂੰ ਨਿਯਮਤ ਸਿੱਖਿਆ ਦੇ ਨਾਲ-ਨਾਲ NEET ਅਤੇ JEE ਲਈ ਕੋਚਿੰਗ ਵੀ ਦਿੱਤੀ ਗਈ ਸੀ। ਰਿਹਾਇਸ਼, ਭੋਜਨ ਅਤੇ ਪੜ੍ਹਾਈ - ਸਭ ਕੁਝ ਮੁਫ਼ਤ ਸੀ।"

ਜ਼ਿਲ੍ਹਾ ਸਮਾਜ ਭਲਾਈ ਅਧਿਕਾਰੀ ਤ੍ਰਿਨੇਤਰ ਸਿੰਘ ਨੇ ਕਿਹਾ, "ਮਾਰੀਹਾਨ ਦੇ ਸਰਵੋਦਿਆ ਵਿਦਿਆਲਿਆ ਨੂੰ ਉੱਤਮਤਾ ਦੇ ਕੇਂਦਰ ਵਜੋਂ ਵਿਕਸਤ ਕੀਤਾ ਗਿਆ ਹੈ। ਡਿਪਟੀ ਡਾਇਰੈਕਟਰ ਅਤੇ ਮੈਂ ਨਿੱਜੀ ਤੌਰ 'ਤੇ ਇਨ੍ਹਾਂ ਲੜਕੀਆਂ ਦੀ ਤਿਆਰੀ ਅਤੇ ਸਹੂਲਤਾਂ ਦੀ ਨਿਗਰਾਨੀ ਕੀਤੀ। ਉਨ੍ਹਾਂ ਨੂੰ ਕਿਤਾਬਾਂ, ਕੋਚਿੰਗ, ਭੋਜਨ, ਖੇਡਾਂ ਅਤੇ ਹੋਰ ਸਾਰੇ ਜ਼ਰੂਰੀ ਸਰੋਤ ਪ੍ਰਦਾਨ ਕੀਤੇ ਗਏ ਸਨ।"

### ਜਨਤਕ-ਨਿੱਜੀ ਭਾਈਵਾਲੀ ਰਾਹੀਂ ਸਫਲਤਾ

ਸਮਾਜ ਭਲਾਈ ਵਿਭਾਗ ਦੇ ਡਾਇਰੈਕਟਰ ਕੁਮਾਰ ਪ੍ਰਸ਼ਾਂਤ ਨੇ ਕਿਹਾ ਕਿ ਮਾਰੀਹਾਨ ਦੇ ਸਰਵੋਦਿਆ ਵਿਦਿਆਲਿਆ ਵਿਖੇ ਸੈਂਟਰ ਆਫ਼ ਐਕਸੀਲੈਂਸ ਪਹਿਲਕਦਮੀ ਐਕਸ-ਨਵੋਦਿਆ ਫਾਊਂਡੇਸ਼ਨ, ਵਾਰਾਣਸੀ ਅਤੇ ਟਾਟਾ ਏਆਈਜੀ ਦੇ ਸਹਿਯੋਗ ਨਾਲ ਚਲਾਈ ਜਾ ਰਹੀ ਹੈ। ਇਸ ਦੇ ਤਹਿਤ, 39 ਵਿਦਿਆਰਥਣਾਂ ਨੂੰ NEET ਅਤੇ JEE ਲਈ ਮੁਫ਼ਤ ਕੋਚਿੰਗ ਦਿੱਤੀ ਗਈ, ਜਿਨ੍ਹਾਂ ਵਿੱਚੋਂ 26 ਵਿਦਿਆਰਥਣਾਂ ਨੇ NEET ਲਈ ਰਜਿਸਟਰ ਕੀਤਾ, 25 ਨੇ ਪ੍ਰੀਖਿਆ ਦਿੱਤੀ ਅਤੇ 12 ਸਫਲ ਰਹੀਆਂ।

ਇਸ ਵੇਲੇ, ਸਮਾਜ ਭਲਾਈ ਵਿਭਾਗ ਉੱਤਰ ਪ੍ਰਦੇਸ਼ ਵਿੱਚ ਲਗਭਗ 100 ਸਰਵੋਦਿਆ ਵਿਦਿਆਲਿਆ ਰਿਹਾਇਸ਼ੀ ਕੰਪਲੈਕਸ ਚਲਾਉਂਦਾ ਹੈ, ਜੋ 6ਵੀਂ ਤੋਂ 12ਵੀਂ ਜਮਾਤ ਤੱਕ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਪਛੜੇ ਭਾਈਚਾਰਿਆਂ ਦੇ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਮੁਫ਼ਤ ਗੁਣਵੱਤਾ ਵਾਲੀ ਸਿੱਖਿਆ ਅਤੇ ਕੋਚਿੰਗ ਪ੍ਰਦਾਨ ਕਰਦੇ ਹਨ। ਇਹ ਸੰਸਥਾਵਾਂ ਇਨ੍ਹਾਂ ਭਾਈਚਾਰਿਆਂ ਦੇ ਬੱਚਿਆਂ ਲਈ ਉੱਜਵਲ ਭਵਿੱਖ ਦੇ ਨਵੇਂ ਦਰਵਾਜ਼ੇ ਖੋਲ੍ਹ ਰਹੀਆਂ ਹਨ।

# ਡਾਕਟਰ ਵੱਲੋਂ ਨਸ਼ੀਲੇ ਪਦਾਰਥਾਂ ਦੇ ਸੇਵਨ ਦੀ ਵਾਇਰਲ ਵੀਡੀਓ ਨੂੰ ਲੈ ਕੇ ਸਿਹਤ ਮੰਤਰੀ ਨੇ ਜਾਂਚ ਦੇ ਦਿੱਤੇ ਹੁਕਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com

ਜਲੰਧਰ : ਜਲੰਧਰ ਵਿੱਚ ਇੱਕ ਡਾਕਟਰ ਵੱਲੋਂ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਦੀ ਵੀਡੀਓ ਵਾਇਰਲ ਹੋਣ ਤੋਂ ਬਾਅਦ, ਪੰਜਾਬ ਸਰਕਾਰ ਦੇ ਸਿਹਤ ਮੰਤਰੀ ਨੇ ਮਾਮਲੇ ਦੀ ਜਾਂਚ ਦੇ ਆਦੇਸ਼ ਦਿੱਤੇ ਹਨ।

ਜਾਣਕਾਰੀ ਅਨੁਸਾਰ, ਉਕਤ ਵੀਡੀਓ ਜਲੰਧਰ ਦੇ ਦਕੋਹਾ ਦਾ ਦੱਸਿਆ ਜਾ ਰਿਹਾ ਹੈ। ਹਾਲਾਂਕਿ, ਇਸ ਗੱਲ ਦੀ ਪੁਸ਼ਟੀ ਨਹੀਂ ਹੋਈ ਹੈ ਕਿ ਇਹ ਵੀਡੀਓ ਕਦੋਂ ਦਾ ਹੈ।

ਪਰ ਅੱਜ ਸਵੇਰੇ ਜਲੰਧਰ ਵਿੱਚ ਮੀਡੀਆ ਨਾਲ ਗੱਲਬਾਤ ਕਰਦੇ ਹੋਏ, ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਮਾਮਲੇ ਦੀ ਜਾਂਚ ਕਰਵਾਉਣ ਦੀ ਪੁਸ਼ਟੀ ਕੀਤੀ ਹੈ। ਮਾਮਲਾ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਨ ਤੱਕ ਹੀ ਨਹੀਂ ਰੁਕਿਆ, ਬਾਅਦ ਵਿੱਚ ਉਕਤ ਡਾਕਟਰ ਵੱਲੋਂ ਇੱਕ ਔਰਤ ਨੂੰ ਥੱਪੜ ਮਾਰਨ ਦਾ ਸੀਸੀਟੀਵੀ ਵੀ ਸਾਹਮਣੇ ਆਇਆ।

ਵਾਇਰਲ ਵੀਡੀਓ ਵਿੱਚ, ਇੱਕ ਡਾਕਟਰ ਨਸ਼ੀਲੇ ਪਦਾਰਥਾਂ ਦਾ ਸੇਵਨ ਕਰਦਾ ਦਿਖਾਈ ਦੇ ਰਿਹਾ ਹੈ। ਵੀਡੀਓ ਕਥਿਤ ਤੌਰ 'ਤੇ ਇੱਕ ਔਰਤ ਦੁਆਰਾ ਬਣਾਈ ਗਈ ਸੀ। ਵੀਡੀਓ ਵਿੱਚ, ਪਹਿਲਾਂ ਡਾਕਟਰ ਔਰਤ ਨੂੰ ਵੀਡੀਓ ਬੰਦ ਕਰਨ ਲਈ ਕਹਿੰਦਾ ਹੈ, ਪਰ ਜਦੋਂ ਉਹ ਇਨਕਾਰ ਕਰਦੀ ਹੈ, ਤਾਂ ਡਾਕਟਰ ਏਟੀਐਮ ਕਾਰਡ ਨਾਲ ਨਸ਼ੀਲੇ ਪਦਾਰਥ ਪੀਸ ਕੇ ਇਸਦਾ ਸੇਵਨ ਕਰਦਾ ਹੈ। ਇਸ ਤੋਂ ਬਾਅਦ, ਉਹ ਔਰਤ ਤੋਂ ਫ਼ੋਨ ਖੋਹ ਲੈਂਦਾ ਹੈ ਅਤੇ ਕੈਮਰਾ ਬੰਦ ਕਰ ਦਿੰਦਾ ਹੈ।

ਨਸ਼ੀਲੇ ਪਦਾਰਥਾਂ ਦੇ ਸੇਵਨ ਦੇ ਨਾਲ, ਇੱਕ ਹੋਰ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ। ਜਿਸ ਵਿੱਚ ਡਾਕਟਰ ਪੁਨੀਤ ਸਿੰਘ ਇੱਕ ਔਰਤ 'ਤੇ ਹੱਥ ਚੁੱਕਦੇ ਦਿਖਾਈ ਦੇ ਰਹੇ ਹਨ। ਜਾਣਕਾਰੀ ਅਨੁਸਾਰ, ਇਹ ਡਾਕਟਰ ਜਲੰਧਰ ਦੇ ਇੱਕ ਨਿੱਜੀ ਹਸਪਤਾਲ ਵਿੱਚ ਵੀ ਆਪਣੀਆਂ ਸੇਵਾਵਾਂ ਪ੍ਰਦਾਨ ਕਰਦਾ ਹੈ।

ਇਸ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ, ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਤੁਰੰਤ ਜਾਂਚ ਦੇ ਹੁਕਮ ਦਿੱਤੇ ਹਨ। ਉੱਚ ਅਧਿਕਾਰੀਆਂ ਵੱਲੋਂ ਮਾਮਲੇ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਅਨੁਸਾਰ ਜਲਦੀ ਹੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਿਹਤ ਮੰਤਰੀ ਨੇ ਮੀਡੀਆ ਰਾਹੀਂ ਇਸ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਤੁਰੰਤ ਕਾਰਵਾਈ ਦਾ ਭਰੋਸਾ ਦਿੱਤਾ ਹੈ। ਇਹ ਘਟਨਾ ਪੰਜਾਬ ਵਿੱਚ ਨਸ਼ੇ ਦੀ ਸਮੱਸਿਆ ਦੀ ਗੰਭੀਰਤਾ ਨੂੰ ਉਜਾਗਰ ਕਰਦੀ ਹੈ।

# ਹੁਣ ਬੀ.ਐਨ. ਰਾਓ ਨੂੰ ਅੱਗੇ ਲਿਆਂਦਾ ਜਾ ਰਿਹਾ ਹੈ—ਕੀ ਬਾਬਾ ਸਾਹਿਬ ਨੇ ਸੰਵਿਧਾਨ ਨਹੀਂ ਲਿਖਿਆ ਸੀ? ਸੰਵਿਧਾਨ ਸਭਾ ਦੇ ਇਤਿਹਾਸਕ ਦਸਤਾਵੇਜ਼ ਤੋਂ ਇਸਦਾ ਢੁਕਵਾਂ ਜਵਾਬ ਮਿਲਦਾ ਹੈ!

## ਸੰਵਿਧਾਨ ਸਭਾ ਦੇ ਦਰਜਨਾਂ ਸਤਿਕਾਰਯੋਗ ਮੈਂਬਰਾਂ ਨੇ ਡਾ. ਭੀਮ ਰਾਓ ਅੰਬੇਡਕਰ ਨੂੰ ਸੰਵਿਧਾਨ ਦਾ ਅਸਲ ਨਿਰਮਾਤਾ ਮੰਨਿਆ—ਜਾਣੋ ਇਤਿਹਾਸਕ ਤੱਥਾਂ ਨੇ ਝੂਠ ਦਾ ਪਰਦਾਫਾਸ਼ ਕਿਵੇਂ ਕੀਤਾ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ। ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ 'ਤੇ ਇੱਕ ਵਾਰ ਫਿਰ ਮਨੂਵਾਦੀ ਵਿਵਾਦ ਖੜ੍ਹਾ ਹੋ ਗਿਆ ਹੈ। ਹਾਲ ਹੀ ਵਿੱਚ, ਇੱਕ ਸਵੈ-ਘੋਸ਼ਿਤ 'ਸਵਾਮੀ' ਨੇ ਦਾਅਵਾ ਕੀਤਾ ਹੈ ਕਿ ਭਾਰਤੀ ਸੰਵਿਧਾਨ ਬਾਬਾ ਸਾਹਿਬ ਦੁਆਰਾ ਨਹੀਂ ਬਲਕਿ ਸਰ ਬੀ.ਐਨ. ਰਾਓ ਦੁਆਰਾ ਤਿਆਰ ਕੀਤਾ ਗਿਆ ਸੀ। ਇਹ ਦਾਅਵਾ ਨਾ ਸਿਰਫ ਇਤਿਹਾਸਕ ਤੱਥਾਂ ਦਾ ਅਪਮਾਨ ਹੈ ਬਲਕਿ ਉਸ ਮਹਾਨ ਵਿਅਕਤੀ ਦੀ ਅਨਮੋਲ ਵਿਰਾਸਤ ਨੂੰ ਰੱਦ ਕਰਨ ਦੀ ਇੱਕ ਜਾਣਬੁੱਝ ਕੇ ਕੀਤੀ ਗਈ ਸਾਜ਼ਿਸ਼ ਵੀ ਹੈ।

**ਪਰ ਸਵਾਲ ਇਹ ਹੈ: ਕੀ ਇਹ ਸੱਚ ਹੈ? ਕੀ ਬਾਬਾ ਸਾਹਿਬ ਸਿਰਫ਼ ਇੱਕ ਪ੍ਰਤੀਕ ਸੀ?**

ਸੰਵਿਧਾਨ ਸਭਾ ਦੀਆਂ ਇਤਿਹਾਸਕ ਬਹਿਸਾਂ ਇਸ ਝੂਠ ਨੂੰ ਪੂਰੀ ਤਰ੍ਹਾਂ ਬੇਨਕਾਬ ਕਰਦੀਆਂ ਹਨ। ਸੰਵਿਧਾਨ ਸਭਾ ਦੇ ਦਰਜਨਾਂ ਸਤਿਕਾਰਯੋਗ ਮੈਂਬਰਾਂ - ਡਾ. ਰਾਜੇਂਦਰ ਪ੍ਰਸਾਦ, ਟੀ.ਟੀ. ਕ੍ਰਿਸ਼ਨਮਾਚਾਰੀ, ਡਾ. ਪੱਟਾਭੀ ਸੀਤਾਰਮਈਆ, ਐਸ. ਨਾਗੱਪਾ, ਫਰੈਂਕ ਐਂਥਨੀ ਅਤੇ ਹੋਰ ਬਹੁਤ ਸਾਰੇ - ਨੇ ਜਨਤਕ ਤੌਰ 'ਤੇ ਡਾ. ਅੰਬੇਡਕਰ ਦੀ ਅਸਾਧਾਰਨ ਭੂਮਿਕਾ ਨੂੰ ਸਵੀਕਾਰ ਕੀਤਾ ਸੀ।

*** ਡਾ. ਰਾਜੇਂਦਰ ਪ੍ਰਸਾਦ ਨੇ ਕਿਹਾ ਸੀ, "ਉਨ੍ਹਾਂ ਨੂੰ ਡਰਾਫਟ ਕਮੇਟੀ ਦਾ ਚੇਅਰਮੈਨ ਬਣਾਉਣਾ ਸਾਡਾ ਸਭ ਤੋਂ ਵਧੀਆ ਫੈਸਲਾ ਸੀ। ਉਨ੍ਹਾਂ ਨੇ ਆਪਣੀ ਮਾੜੀ ਸਿਹਤ ਦੇ ਬਾਵਜੂਦ ਦਿਨ ਰਾਤ ਮਿਹਨਤ ਕਰਕੇ ਇਤਿਹਾਸ ਰਚਿਆ।"**

*** ਟੀ.ਟੀ. ਕ੍ਰਿਸ਼ਨਮਾਚਾਰੀ ਨੇ ਖੁਲਾਸਾ ਕੀਤਾ ਸੀ ਕਿ ਡਰਾਫਟ ਕਮੇਟੀ ਦੇ ਜ਼ਿਆਦਾਤਰ ਮੈਂਬਰ ਜਾਂ ਤਾਂ ਗੈਰਹਾਜ਼ਰ ਸਨ ਜਾਂ ਅਸਮਰੱਥ ਸਨ, ਇਸ ਲਈ "ਸਾਰੀ ਜ਼ਿੰਮੇਵਾਰੀ ਅੰਤ ਵਿੱਚ ਡਾ. ਅੰਬੇਡਕਰ ਦੇ ਮੋਢਿਆਂ 'ਤੇ ਆ ਗਈ।"**

*** ਐਸ. ਨਾਗੱਪਾ ਨੇ ਕਿਹਾ ਸੀ, "ਬਾਬਾਸਾਹਿਬ ਅਛੂਤ ਵਰਗਾਂ ਦੇ ਹਿੱਤਾਂ ਲਈ ਸਭ ਤੋਂ ਮਜ਼ਬੂਤ ਆਵਾਜ਼ ਸਨ। ਇਹ ਉਨ੍ਹਾਂ ਦੇ ਕਾਰਨ ਹੈ ਕਿ ਸਾਨੂੰ ਭਰੋਸਾ ਦਿੱਤਾ ਗਿਆ ਸੀ।"**

ਇਹਨਾਂ ਇਤਿਹਾਸਕ ਕਥਨਾਂ ਤੋਂ ਇਹ ਸਪੱਸ਼ਟ ਹੈ ਕਿ ਬਾਬਾਸਾਹਿਬ ਨਾ ਸਿਰਫ਼ ਸੰਵਿਧਾਨ ਦੇ ਨਿਰਮਾਤਾ ਸਨ, ਸਗੋਂ ਇਸਦੇ ਅਸਲ ਨਿਰਮਾਤਾ ਵੀ ਸਨ। ਸੰਵਿਧਾਨ ਸਭਾ ਦੇ ਦਸਤਾਵੇਜ਼ ਮਨਘੜਤ ਦਾਅਵਿਆਂ ਨੂੰ ਢਾਹ ਦਿੰਦੇ ਹਨ।

ਰਾਸ਼ਟਰ ਨਿਰਮਾਤਾ ਬਾਬਾਸਾਹਿਬ ਡਾ. ਭੀਮ ਰਾਓ ਅੰਬੇਡਕਰ ਆਧੁਨਿਕ ਭਾਰਤ ਦੇ ਸਭ ਤੋਂ ਬੁੱਧੀਮਾਨ, ਦੂਰਦਰਸ਼ੀ ਅਤੇ ਅਸਾਧਾਰਨ ਪ੍ਰਤਿਭਾਸ਼ਾਲੀ ਸ਼ਖਸੀਅਤਾਂ ਵਿੱਚੋਂ ਇੱਕ ਹਨ। ਜੀਵਨ



25 ਨਵੰਬਰ, 1949 ਨੂੰ ਸੰਵਿਧਾਨ ਦੀ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਡਾ. ਬਾਬਾ ਸਾਹਿਬ ਅੰਬੇਡਕਰ, ਸੰਵਿਧਾਨ ਸਭਾ ਦੇ ਚੇਅਰਮੈਨ ਅਤੇ ਰਾਸ਼ਟਰਪਤੀ, ਡਾ. ਰਾਜੇਂਦਰ ਪ੍ਰਸਾਦ ਨੂੰ ਭਾਰਤੀ ਸੰਵਿਧਾਨ ਦਾ ਅੰਤਿਮ ਖਰੜਾ ਪੇਸ਼ ਕਰਦੇ ਹੋਏ।

ਦੇ ਲਗਭਗ ਹਰ ਪਹਿਲੂ ਵਿੱਚ ਉਨ੍ਹਾਂ ਦੇ ਯੋਗਦਾਨ ਨੂੰ ਅਕਸਰ ਭੁੱਲ ਜਾਂਦਾ ਹੈ। ਖਾਸ ਕਰਕੇ ਭਾਰਤ ਦੇ ਸੰਵਿਧਾਨ ਦਾ ਖਰੜਾ ਤਿਆਰ ਕਰਨਾ, ਜੋ ਸੁਤੰਤਰ ਭਾਰਤ ਨੂੰ ਏਕਤਾ, ਅਖੰਡਤਾ, ਭਾਈਚਾਰੇ, ਨਿਆਂ ਅਤੇ ਵਿਕਾਸ ਦਾ ਢਾਂਚਾ ਪ੍ਰਦਾਨ ਕਰਦਾ ਹੈ।

ਗੰਭੀਰ ਸਿਹਤ ਸਮੱਸਿਆਵਾਂ ਦੇ ਬਾਵਜੂਦ, ਡਾ. ਅੰਬੇਡਕਰ ਨੇ ਇਸ ਦੇਸ਼ ਲਈ ਦੁਨੀਆ ਦੇ ਸਭ ਤੋਂ ਵਧੀਆ ਸੰਵਿਧਾਨਾਂ ਵਿੱਚੋਂ ਇੱਕ ਬਣਾਉਣ ਲਈ ਦਿਨ ਰਾਤ ਮਿਹਨਤ ਕੀਤੀ।

ਸੰਵਿਧਾਨ ਸਭਾ ਦੇ ਮੈਂਬਰਾਂ ਵੱਲੋਂ ਡਾ. ਅੰਬੇਡਕਰ ਦੀ ਭੂਮਿਕਾ 'ਤੇ ਪ੍ਰਤੀਕਿਰਿਆਵਾਂ:

*** ਡਾ. ਰਾਜੇਂਦਰ ਪ੍ਰਸਾਦ (ਸੰਵਿਧਾਨ ਸਭਾ ਦੇ ਪ੍ਰਧਾਨ):**

"ਡਰਾਫਟਿੰਗ ਕਮੇਟੀ ਦੇ ਚੇਅਰਮੈਨ, ਜਿਸ ਸਮਰਪਣ ਅਤੇ ਉਤਸ਼ਾਹ ਨਾਲ ਡਾ. ਅੰਬੇਡਕਰ ਨੇ ਆਪਣੀ ਮਾੜੀ ਸਿਹਤ ਦੇ ਬਾਵਜੂਦ ਕੰਮ ਕੀਤਾ, ਉਹ ਸ਼ਲਾਘਾਯੋਗ ਹੈ... ਉਨ੍ਹਾਂ ਨੇ ਆਪਣੇ ਆਪ ਨੂੰ ਸਹੀ ਸਾਬਤ ਕੀਤਾ ਅਤੇ ਆਪਣੇ ਕੰਮ ਨੂੰ ਹੋਰ ਵੀ ਸਫਲ ਬਣਾਇਆ।"

*** ਟੀ.ਟੀ. ਕ੍ਰਿਸ਼ਨਮਾਚਾਰੀ (ਮਦਰਾਸ):**

"ਡਰਾਫਟਿੰਗ ਕਮੇਟੀ ਦੇ ਸੱਤ ਮੈਂਬਰਾਂ ਵਿੱਚੋਂ ਬਹੁਤ ਸਾਰੇ ਜਾਂ ਤਾਂ ਗੈਰਹਾਜ਼ਰ ਸਨ ਜਾਂ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ ਸੀ। ਅੰਤ ਵਿੱਚ ਸਾਰੀ ਜ਼ਿੰਮੇਵਾਰੀ ਡਾ. ਅੰਬੇਡਕਰ 'ਤੇ ਆ ਗਈ, ਜਿਸਨੂੰ ਉਨ੍ਹਾਂ ਨੇ ਬਹੁਤ ਕੁਸ਼ਲਤਾ ਨਾਲ ਨਿਭਾਇਆ।"

*** ਡਾ. ਬੀ. ਪੱਟਾਭੀ ਸੀਤਾਰਾਮਈਆ (ਮਦਰਾਸ):**

"ਡਾ. ਅੰਬੇਡਕਰ ਨੇ ਅਜਿੱਤ ਬੁੱਧੀ ਨਾਲ ਇਸ ਸ਼ਾਨਦਾਰ ਕਾਰਜ ਨੂੰ ਪੂਰਾ ਕੀਤਾ। ਉਨ੍ਹਾਂ ਸਾਬਤ ਕੀਤਾ ਕਿ ਉਹ ਜੋ ਸਹੀ ਸਮਝਦੇ ਹਨ, ਉਸ ਦੀ ਦ੍ਰਿੜਤਾ ਨਾਲ ਪਾਲਣਾ ਕਰਦੇ ਹਨ।"

*** ਸ਼੍ਰੀ ਐਸ. ਨਾਗੱਪਾ (ਮਦਰਾਸ):**

"ਅਛੂਤ ਵਰਗਾਂ ਦੇ ਸਭ ਤੋਂ ਵੱਡੇ ਵਕੀਲ ਹੋਣ ਦੇ ਨਾਤੇ, ਜਦੋਂ ਉਨ੍ਹਾਂ ਨੂੰ ਡਰਾਫਟਿੰਗ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ, ਤਾਂ ਉਨ੍ਹਾਂ ਦੀ ਇੱਛਾ ਉਸੇ ਦਿਨ ਪੂਰੀ ਹੋ ਗਈ। ਉਨ੍ਹਾਂ ਨੇ ਸਾਬਤ ਕਰ ਦਿੱਤਾ ਕਿ ਜੇਕਰ ਮੌਕਾ ਦਿੱਤਾ ਜਾਵੇ, ਤਾਂ ਅਨੁਸੂਚਿਤ ਜਾਤੀਆਂ ਵੱਡੀਆਂ ਉਚਾਈਆਂ ਤੱਕ ਪਹੁੰਚ ਸਕਦੀਆਂ ਹਨ।"

*** ਫ੍ਰੈਂਕ ਐਂਥਨੀ (ਸੀਪੀ ਅਤੇ ਬੇਰਾਰ):**

"ਸੰਵਿਧਾਨ ਦੇ ਨਿਰਮਾਣ ਵਿੱਚ, ਡਾ. ਅੰਬੇਡਕਰ ਨੇ ਸ਼ਾਨਦਾਰ ਸਪੱਸ਼ਟਤਾ ਅਤੇ ਵਿਸ਼ਾਲ ਦ੍ਰਿਸ਼ਟੀ ਦਾ ਪ੍ਰਦਰਸ਼ਨ ਕੀਤਾ ਹੈ। ਕਈ ਵਾਰ ਅਸਹਿਮਤੀ ਦੇ ਬਾਵਜੂਦ, ਉਨ੍ਹਾਂ ਦੇ ਤਰਕਸ਼ੀਲ ਹੁਨਰ ਦੀ ਪ੍ਰਸ਼ੰਸਾ ਕੀਤੀ ਜਾਣੀ ਚਾਹੀਦੀ ਹੈ।"

*** ਪੰਡਿਤ ਬਾਲਕ੍ਰਿਸ਼ਨ ਸ਼ਰਮਾ (ਯੂਪੀ):**

"ਡਰਾਫਟਿੰਗ ਕਮੇਟੀ ਅਤੇ ਡਾ. ਅੰਬੇਡਕਰ ਤੰਗ-ਦਿਮਾਗ ਤੋਂ ਪ੍ਰੇਰਿਤ ਨਹੀਂ ਸਨ। ਉਨ੍ਹਾਂ ਦਾ ਕੰਮ ਪੂਰੀ ਤਰ੍ਹਾਂ ਜਾਇਜ਼ ਅਤੇ ਰਾਸ਼ਟਰ ਦੇ ਹਿੱਤ ਵਿੱਚ ਸੀ।"

*** ਹਰ ਗੋਵਿੰਦ ਪੰਤ (ਯੂਪੀ):**

"ਡਾ. ਅੰਬੇਡਕਰ ਨੇ ਸੰਵਿਧਾਨ ਦੇ ਉਪਬੰਧਾਂ ਨੂੰ ਜਿਸ ਵਿਦਵਤਾ ਅਤੇ ਸਪਸ਼ਟਤਾ ਨਾਲ ਪੇਸ਼ ਕੀਤਾ, ਉਸ ਲਈ ਉਨ੍ਹਾਂ ਨੂੰ 'ਪੰਡਿਤ' ਕਹਿਣਾ ਵੀ ਉਚਿਤ ਹੈ।"

*** ਗਿਆਨੀ ਗੁਰਮੁਖ ਸਿੰਘ ਮੁਸਾਫਿਰ (ਪੰਜਾਬ):**

"ਡਾ. ਅੰਬੇਡਕਰ ਅਤੇ ਕਮੇਟੀ ਦੇ ਮੈਂਬਰ ਮੁਸ਼ਕਲ ਹਾਲਾਤਾਂ ਵਿੱਚ ਬਹੁਤ ਮਿਹਨਤ ਨਾਲ ਇਸ ਖਰੜੇ ਨੂੰ ਤਿਆਰ ਕਰਨ ਲਈ ਸਾਡੀਆਂ ਵਧਾਈਆਂ ਦੇ ਹੱਕਦਾਰ ਹਨ।"

*** ਸ਼੍ਰੀ ਕੇਸ਼ਵਰਾਓ ਜੇਧੇ (ਬੰਬਈ):**

"ਤਿੰਨ ਸਾਲਾਂ ਦੀ ਸਖ਼ਤ ਮਿਹਨਤ ਤੋਂ ਬਾਅਦ ਉਨ੍ਹਾਂ ਨੇ ਜੋ ਮਹਾਨ ਕੰਮ ਕੀਤਾ ਹੈ, ਉਹ ਬੇਮਿਸਾਲ ਹੈ। ਉਨ੍ਹਾਂ ਨੂੰ 'ਵਿਧਾਨ ਰਿਸ਼ੀ' ਕਹਿਣਾ ਉਚਿਤ ਨਹੀਂ ਹੋਵੇਗਾ ਕਿਉਂਕਿ ਉਹ ਜਾਤਾਂ ਪੈਦਾ ਕਰਨ ਵਾਲੀਆਂ ਵਰਣਾਂ (ਜਾਤਾਂ) ਨਾਲ ਨਫ਼ਰਤ ਕਰਦੇ ਸਨ।"

*** ਸ਼੍ਰੀ ਜੇ.ਜੇ.ਐਮ. ਨਿਕੋਲਸ-ਰਾਏ (ਅਸਾਮ):**

"ਸੰਵਿਧਾਨ ਬਣਾਉਣ ਵਿੱਚ ਡਾ. ਅੰਬੇਡਕਰ ਅਤੇ ਉਨ੍ਹਾਂ ਦੇ ਸਾਥੀਆਂ ਦਾ ਕੰਮ ਮਹਾਨ ਹੈ। ਇਹ ਸਭ ਤੋਂ ਵਧੀਆ ਸੰਵਿਧਾਨ ਹੈ ਜੋ ਹਾਲਾਤਾਂ ਵਿੱਚ ਬਣਾਇਆ ਜਾ ਸਕਦਾ ਸੀ।"

*** ਸ਼੍ਰੀ ਐਚ.ਜੇ. ਖਾਂਡੇਕਰ (ਸੀ.ਪੀ. ਅਤੇ ਬੇਰਾਰ):**

"ਇਹ ਭਾਰਤ ਦਾ ਕਾਨੂੰਨ ਹੈ ਜੋ ਡਾ. ਅੰਬੇਡਕਰ ਨੇ ਬਣਾਇਆ ਹੈ। ਇਹ ਕਾਨੂੰਨ ਸੱਚਮੁੱਚ ਭਾਰਤ ਨੂੰ ਸਵਰਗ ਬਣਾ ਸਕਦਾ ਹੈ।"

*** ਡਾ. ਜੋਸਫ਼ ਅਲਬਾਨ ਡੀਸੂਜ਼ਾ (ਬੰਬਈ):**



ਭਾਰਤੀ ਸੰਵਿਧਾਨ ਦੀ ਡਰਾਫਟਿੰਗ ਕਮੇਟੀ: (ਖੱਬੇ ਤੋਂ ਬੈਠੇ) ਐਨ. ਮਾਧਵ ਰਾਓ, ਸਈਦ ਮੁਹੰਮਦ ਸਾਦੁੱਲਾ, ਡਾ. ਬੀ. ਆਰ. ਅੰਬੇਡਕਰ (ਚੇਅਰਮੈਨ), ਅੱਲਾਦੀ ਕ੍ਰਿਸ਼ਨਾਸਵਾਮੀ ਅਈਅਰ; ਸਲਾਹਕਾਰ, ਸਰ ਬੇਨੇਗਲ ਨਰਸਿਮਹਾ ਰਾਓ। (ਖੱਬੇ ਤੋਂ ਖੜ੍ਹੇ) ਐਸ. ਐਨ. ਮੁਖਰਜੀ, ਜੁਗਲ ਕਿਸ਼ੋਰ ਖੰਨਾ ਅਤੇ ਕੇਵਲ ਕ੍ਰਿਸ਼ਨਨ। (29 ਅਗਸਤ 1947)

"ਡਾ. ਅੰਬੇਡਕਰ ਅਤੇ ਉਨ੍ਹਾਂ ਦੀ ਡਰਾਫਟਿੰਗ ਕਮੇਟੀ ਦੀ ਮਿਹਨਤੀ ਯਾਤਰਾ ਇੱਕ ਯਾਦਗਾਰੀ ਕਾਰਜ ਹੈ। ਇਹ ਕਾਨੂੰਨਦਾਨਾਂ ਦੁਆਰਾ ਤਿਆਰ ਕੀਤੀ ਗਈ ਇੱਕ ਮਾਸਟਰਪੀਸ ਹੈ।"

*** ਬੇਗਮ ਏਜਾਜ਼ ਰਸੂਲ (ਯੂਪੀ):**

"ਡਰਾਫਟਿੰਗ ਕਮੇਟੀ ਅਤੇ ਡਾ. ਅੰਬੇਡਕਰ ਨੂੰ ਇਹ ਮਹਾਨ ਕਾਰਜ ਸੌਂਪਿਆ ਗਿਆ ਸੀ ਅਤੇ ਉਨ੍ਹਾਂ ਨੇ ਇਸਨੂੰ ਪੂਰੀ ਕੁਸ਼ਲਤਾ ਨਾਲ ਪੂਰਾ ਕੀਤਾ।"

*** ਪੰਡਿਤ ਠਾਕੁਰ ਦਾਸ ਭਾਰਗਵ (ਪੰਜਾਬ):**

"ਡਾ. ਅੰਬੇਡਕਰ ਨੇ ਪ੍ਰਸਤਾਵਨਾ ਵਿੱਚ 'ਭਾਈਚਾਰਾ' ਸ਼ਬਦ ਜੋੜਿਆ, ਜੋ ਕਿ ਇਸ ਸੰਵਿਧਾਨ ਦੀ ਆਤਮਾ ਹੈ।"

* ਸ਼੍ਰੀ ਗੋਵਿੰਦ ਵੱਲਭ ਪੰਤ, ਸ਼੍ਰੀ ਜੈਪਾਲ ਸਿੰਘ, ਸ਼੍ਰੀ ਰਘੂਨਾਥ ਰਾਓ, ਸ਼੍ਰੀ ਸ਼ੰਕਰਰਾਓ ਦੇਵ, ਸ਼੍ਰੀ ਐਮ. ਅਈਅਰ, ਅਤੇ ਹੋਰ ਮੈਂਬਰਾਂ ਨੇ ਵੀ ਸੰਵਿਧਾਨ ਦੇ ਨਿਰਮਾਣ ਵਿੱਚ ਡਾ. ਅੰਬੇਡਕਰ ਦੀ ਅਸਾਧਾਰਨ ਭੂਮਿਕਾ ਦੀ ਇਤਿਹਾਸਕ ਤੌਰ 'ਤੇ ਸ਼ਲਾਘਾ ਕੀਤੀ।

### ਸਿੱਟਾ

ਡਾ. ਭੀਮ ਰਾਓ ਅੰਬੇਡਕਰ ਨਾ ਸਿਰਫ਼ ਸੰਵਿਧਾਨ ਦੇ ਨਿਰਮਾਤਾ ਸਨ, ਸਗੋਂ ਉਸ ਯੁੱਗ ਦੇ ਇੱਕ ਅਜਿਹੇ ਵਿਅਕਤੀ ਵੀ ਸਨ ਜਿਨ੍ਹਾਂ ਨੇ ਭਾਰਤ ਨੂੰ ਸਮਾਜਿਕ ਨਿਆਂ, ਸਮਾਨਤਾ ਅਤੇ ਮਾਣ ਦਾ ਰਸਤਾ ਦਿਖਾਇਆ। ਇਹ ਲੇਖ ਸੰਵਿਧਾਨ ਸਭਾ ਦੇ ਮੈਂਬਰਾਂ ਦੁਆਰਾ ਡਾ. ਅੰਬੇਡਕਰ ਦੀ ਭੂਮਿਕਾ ਨੂੰ ਸਾਬਤ ਕਰਨ ਵਾਲੇ ਇਤਿਹਾਸਕ ਬਿਆਨਾਂ ਦਾ ਸੰਗ੍ਰਹਿ ਹੈ। ਇਹ ਹਰ ਉਸ ਵਿਅਕਤੀ ਦਾ ਜਵਾਬ ਹੈ ਜੋ ਬਾਬਾ ਸਾਹਿਬ ਦੀ ਭੂਮਿਕਾ ਤੋਂ ਇਨਕਾਰ ਕਰਨਾ ਚਾਹੁੰਦਾ ਹੈ।

# ਇਰਾਨ ਤੋਂ ਅਰਮੀਨੀਆ ਰਸਤੇ ਸੁਰੱਖਿਅਤ ਕੱਢੇ 100 ਤੋਂ ਵੱਧ ਭਾਰਤੀ ਵਿਦਿਆਰਥੀਆਂ ਵਾਲੀ ਉਡਾਣ ਦਿੱਲੀ ਪੁੱਜੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 94636 01616
hardipchumber57@gmail.com

ਨਵੀਂ ਦਿੱਲੀ, 19 ਜੂਨ (ਪੰਜਾਬ ਮੇਲ)- ਜੰਗ ਦੇ ਝੰਬੇ ਇਰਾਨ ਤੋਂ ਅਰਮੀਨੀਆ ਰਸਤੇ ਸੁਰੱਖਿਅਤ ਬਾਹਰ ਕੱਢੇ 110 ਭਾਰਤੀ ਵਿਦਿਆਰਥੀ ਨੂੰ ਲੈ ਕੇ ਪਹਿਲੀ ਉਡਾਣ ਅੱਜ ਵੱਡੇ ਤੜਕੇ ਦਿੱਲੀ ਪਹੁੰਚ ਗਈ ਹੈ। ਇਜ਼ਰਾਈਲ ਤੇ ਇਰਾਨ ਵਿਚਾਲੇ ਜਾਰੀ ਟਕਰਾਅ ਦਰਮਿਆਨ ਇਨ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਤਹਿਰਾਨ 'ਚੋਂ ਸੁਰੱਖਿਅਤ ਬਾਹਰ ਕੱਢਣ ਮਗਰੋਂ ਸਰਹੱਦ ਰਸਤੇ ਅਰਮੀਨੀਆ ਲਿਜਾਇਆ ਗਿਆ ਸੀ। Operation Sindhu ਤਹਿਤ ਇਸ ਪੂਰੇ ਅਪਰੇਸ਼ਨ ਦਾ ਪ੍ਰਬੰਧ ਤਹਿਰਾਨ ਸਥਿਤ ਭਾਰਤੀ ਸਫ਼ਾਰਤਖਾਨੇ ਵੱਲੋਂ ਕੀਤਾ ਗਿਆ ਸੀ।

ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਕਿਹਾ ਕਿ ਤਹਿਰਾਨ ਛੱਡ ਚੁੱਕੇ ਬਾਕੀ ਭਾਰਤੀਆਂ ਨੂੰ ਵੀ ਵਾਪਸ ਲਿਆਂਦਾ ਜਾ ਰਿਹਾ ਹੈ। ਸਿੰਘ, ਜੋ ਵਾਤਾਵਰਨ, ਜੰਗਲਾਤ ਤੇ ਵਾਤਾਵਰਨ ਤਬਦੀਲੀ ਬਾਰੇ ਮੰਤਰਾਲੇ ਦੇ ਵੀ ਮੰਤਰੀ ਹਨ, ਨੇ ਕਿਹਾ, ''ਅਸੀਂ ਜਹਾਜ਼ ਤਿਆਰ ਬਰ ਤਿਆਰ ਰੱਖੇ ਹਨ। ਅਸੀਂ ਅੱਜ ਇਕ ਹੋਰ ਜਹਾਜ਼ ਭੇਜ ਰਹੇ ਹਾਂ। ਅਸੀਂ ਤੁਰਕਮੇਨਿਸਤਾਨ ਵਿਚੋਂ ਕੁਝ ਹੋਰ ਲੋਕਾਂ ਨੂੰ ਕੱਢ ਰਹੇ ਹਾਂ। ਸਾਡੇ




ਮਿਸ਼ਨ ਨੇ ਅਜਿਹੀ ਕਿਸੇ ਵੀ ਮਦਦ ਜਾਂ ਅਪੀਲ ਲਈ 24 ਘੰਟੇ ਫੋਨ ਲਾਈਨ ਖੁੱਲ੍ਹੀ ਰੱਖੀ ਹੈ। ਅਸੀਂ ਹਾਲਾਤ ਮੁਤਾਬਕ ਭਾਰਤੀ ਨਾਗਰਿਕਾਂ ਨੂੰ ਉਥੋਂ ਕੱਢਣ ਲਈ ਹੋਰ ਜਹਾਜ਼ ਭੇਜਾਂਗੇ।'' ਉਨ੍ਹਾਂ ਤੁਰਕਮੇਨਿਸਤਾਨ ਤੇ ਅਰਮੀਨੀਆ ਵੱਲੋਂ ਦਿੱਤੀ ਹਮਾਇਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ।

ਅਰਮੀਨੀਆ ਤੋਂ ਭਾਰਤ ਪੁੱਜੇ ਕਸ਼ਮੀਰੀ ਵਿਦਿਆਰਥੀਆਂ 'ਚੋਂ ਇਕ, ਵਾਰਤਾ ਨੇ ਕਿਹਾ, ''ਅਸੀਂ ਇਰਾਨ 'ਚੋਂ ਸੁਰੱਖਿਅਤ ਕੱਢੇ ਜਾਣ ਵਾਲੇ ਪਹਿਲੇ ਭਾਰਤੀਆਂ 'ਚੋਂ ਸੀ। ਹਾਲਾਤ ਕਾਫ਼ੀ ਨਾਜ਼ੁਕ ਹਨ। ਅਸੀਂ ਡਰ ਗਏ ਸੀ। ਅਸੀਂ ਭਾਰਤ ਸਰਕਾਰ ਅਤੇ ਭਾਰਤੀ ਸਫ਼ਾਰਤਖਾਨੇ ਦਾ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਸਾਨੂੰ ਇੱਥੇ ਲਿਆਉਣ ਲਈ ਬਹੁਤ ਫੁਰਤੀ ਅਤੇ ਤੇਜ਼ੀ ਨਾਲ ਕੰਮ ਕੀਤਾ।'' ਉਸ ਨੇ ਪੀਟੀਆਈ ਵੀਡੀਓਜ਼ ਨੂੰ ਦੱਸਿਆ, ''ਸਾਡੇ ਆਲੇ ਦੁਆਲੇ ਹਮਲਾ ਕੀਤਾ ਗਿਆ ਸੀ। ਜਦੋਂ ਭਾਰਤ ਸਰਕਾਰ ਸਾਡੇ ਦਰਵਾਜ਼ੇ 'ਤੇ ਬਹੁੜੀ ਤਾਂ ਇਹ ਘਰ ਵਰਗਾ ਮਹਿਸੂਸ ਹੋਇਆ।'' ਉਸ ਨੇ ਕਿਹਾ ਕਿ ਅਰਮੀਨਿਆਈ ਅਧਿਕਾਰੀ ਵੀ ਬਹੁਤ ਮਦਦਗਾਰ ਸਨ।

ਦਿੱਲੀ ਵਿੱਚ ਉਤਰਨ ਵਾਲੇ ਐੱਮਬੀਬੀਐੱਸ ਵਿਦਿਆਰਥੀ ਮੀਰ ਖਲੀਫ਼ ਨੇ ਕਿਹਾ ਕਿ ਇਰਾਨ ਵਿੱਚ ਹਾਲਾਤ ਤਣਾਅਪੂਰਨ ਸਨ। ਉਸ ਨੇ ਪੱਤਰਕਾਰਾਂ ਨੂੰ ਦੱਸਿਆ, ''ਅਸੀਂ ਮਿਜ਼ਾਈਲਾਂ ਦੇਖ ਸਕਦੇ ਸੀ। ਜੰਗ ਚੱਲ ਰਹੀ ਸੀ। ਸਾਡੇ ਆਲੇ ਦੁਆਲੇ ਬੰਬਾਰੀ ਹੋ ਰਹੀ ਸੀ। ਅਸੀਂ ਹਾਲਾਤ ਤੋਂ ਬਹੁਤ ਡਰੇ ਹੋਏ ਸੀ। ਮੈਨੂੰ ਉਮੀਦ ਹੈ ਕਿ ਅਸੀਂ ਉਹ ਦਿਨ ਦੁਬਾਰਾ ਕਦੇ ਨਹੀਂ ਦੇਖਾਂਗੇ।'' ਖਲੀਫ਼ ਨੇ ਭਾਰਤ ਸਰਕਾਰ ਦਾ ਧੰਨਵਾਦ ਕੀਤਾ ਕਿ ਉਨ੍ਹਾਂ ਨੂੰ ਪਹਿਲਾਂ ਅਰਮੀਨੀਆ ਤੇ ਉਥੋਂ ਭਾਰਤ ਵਾਪਸ ਲਿਆਂਦਾ ਗਿਆ। ਖਲੀਫ਼ ਨੇ ਕਿਹਾ, ''ਇਰਾਨ ਵਿੱਚ ਅਜੇ ਵੀ ਵਿਦਿਆਰਥੀ ਫਸੇ ਹੋਏ ਹਨ। ਉਨ੍ਹਾਂ ਨੂੰ ਸੁਰੱਖਿਅਤ ਟਿਕਾਣਿਆਂ 'ਤੇ ਭੇਜਿਆ ਜਾ ਰਿਹਾ ਹੈ। ਸਾਨੂੰ ਉਮੀਦ ਹੈ ਕਿ ਉਨ੍ਹਾਂ ਨੂੰ ਵੀ ਜਲਦੀ ਭਾਰਤ ਲਿਆਂਦਾ ਜਾਵੇਗਾ।''

ਇੱਕ ਹੋਰ ਭਾਰਤੀ ਵਿਦਿਆਰਥੀ ਅਲੀ ਅਕਬਰ ਨੇ ਕਿਹਾ ਕਿ ਜਦੋਂ ਉਹ ਬੱਸ ਵਿੱਚ ਯਾਤਰਾ ਕਰ ਰਹੇ ਸਨ, ਤਾਂ ਉਨ੍ਹਾਂ ਨੇ ਇੱਕ ਮਿਜ਼ਾਈਲ ਅਤੇ ਇੱਕ ਡਰੋਨ ਡਿੱਗਦੇ ਦੇਖਿਆ। ਦਿੱਲੀ ਨਾਲ ਸਬੰਧਤ ਵਿਦਿਆਰਥੀ ਨੇ ਕਿਹਾ, ''ਖ਼ਬਰਾਂ ਵਿੱਚ ਜੋ ਹਾਲਾਤ ਬਿਆਨੇ ਜਾ ਰਹੇ ਹਨ ਉਹ ਸੱਚ ਹੈ। ਹਾਲਾਤ ਬਹੁਤ ਹੀ ਮਾੜੇ ਹਨ। ਤਹਿਰਾਨ ਤਬਾਹ ਹੋ ਗਿਆ ਹੈ।'' ਕੁਝ ਵਿਦਿਆਰਥੀਆਂ ਦੇ ਬੇਚੈਨ ਮਾਪਿਆਂ ਨੂੰ ਹਵਾਈ ਅੱਡੇ ਦੇ ਬਾਹਰ ਆਪਣੇ ਬੱਚਿਆਂ ਦੀ ਉਡੀਕ ਕਰਦੇ ਦੇਖਿਆ ਗਿਆ।

ਇਰਾਨ ਵਿੱਚ ਐੱਮਬੀਬੀਐੱਸ ਦੇ ਵਿਦਿਆਰਥੀ ਮਾਜ਼ ਹੈਦਰ (21) ਦੇ ਪਿਤਾ ਹੈਦਰ ਅਲੀ ਨੇ ਬਚਾਅ ਕਾਰਜਾਂ ਲਈ ਭਾਰਤ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਪੀਟੀਆਈ ਵੀਡੀਓਜ਼ ਨੂੰ ਦੱਸਿਆ, ''ਅਸੀਂ ਸੱਚਮੁੱਚ ਖੁਸ਼ ਹਾਂ। ਵਿਦਿਆਰਥੀਆਂ ਨੂੰ ਸੁਰੱਖਿਅਤ ਘਰ ਵਾਪਸ ਲਿਆਂਦਾ ਗਿਆ ਹੈ। ਅਸੀਂ ਇਸ ਲਈ ਭਾਰਤ ਸਰਕਾਰ ਦਾ ਧੰਨਵਾਦ ਕਰਦੇ ਹਾਂ। ਪਰ ਅਸੀਂ ਦੁਖੀ ਹਾਂ ਕਿ ਅਜੇ ਵੀ ਕੁਝ ਵਿਦਿਆਰਥੀ ਤਹਿਰਾਨ ਵਿੱਚ ਫਸੇ ਹੋਏ ਹਨ।'' ਉਨ੍ਹਾਂ ਅਧਿਕਾਰੀਆਂ ਨੂੰ ਤਾਕੀਦ ਕੀਤੀ ਕਿ ਉਹ ਇਨ੍ਹਾਂ ਵਿਦਿਆਰਥੀਆਂ ਨੂੰ ਉਥੋਂ ਸੁਰੱਖਿਅਤ ਬਾਹਰ ਕੱਢਣ।

ਸਮੀਰ ਆਲਮ ਦੇ ਪਿਤਾ ਪਰਵੇਜ਼ ਆਲਮ ਨੂੰ ਵੀ ਹਵਾਈ ਅੱਡੇ 'ਤੇ ਆਪਣੇ ਪੁੱਤਰ ਦੀ ਉਡੀਕ ਕਰਦੇ ਦੇਖਿਆ ਗਿਆ। ਬੁਲੰਦਸ਼ਹਿਰ ਦੇ ਰਹਿਣ ਵਾਲੇ ਪਰਵੇਜ਼ ਆਲਮ ਨੇ ਕਿਹਾ, ''ਉਸ ਨੂੰ ਉਰਮੀਆ ਵਿੱਚ ਪੜ੍ਹਦੇ ਹੋਏ ਦੋ ਸਾਲ ਹੋ ਗਏ ਹਨ। ਸਭ ਕੁਝ ਠੀਕ ਸੀ ਪਰ ਹਾਲ ਹੀ ਵਿੱਚ ਹਾਲਾਤ ਵਿਗੜ ਗਏ। ਅਸੀਂ ਬਹੁਤ ਤਣਾਅ ਵਿੱਚ ਸੀ। ਪਰ ਭਾਰਤ ਸਰਕਾਰ ਨੇ ਵਿਦਿਆਰਥੀਆਂ ਨੂੰ ਅਰਮੀਨੀਆ ਭੇਜ ਦਿੱਤਾ ਜਿੱਥੇ ਉਨ੍ਹਾਂ ਨੂੰ ਚੰਗੇ ਹੋਟਲਾਂ ਵਿੱਚ ਰੱਖਿਆ ਗਿਆ ਸੀ। ਅਸੀਂ ਭਾਰਤ ਸਰਕਾਰ ਦੇ ਧੰਨਵਾਦੀ ਹਾਂ।''

ਜੰਮੂ ਅਤੇ ਕਸ਼ਮੀਰ ਸਟੂਡੈਂਟਸ ਐਸੋਸੀਏਸ਼ਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦਾ ਨਿਕਾਸੀ ਯਤਨ ਸ਼ੁਰੂ ਕਰਨ ਲਈ ਧੰਨਵਾਦ ਕੀਤਾ ਹੈ। ਐਸੋਸੀਏਸ਼ਨ ਨੇ ਇਕ ਬਿਆਨ ਵਿਚ ਕਿਹਾ, ''ਸਾਨੂੰ ਉਮੀਦ ਹੈ ਕਿ ਬਾਕੀ ਸਾਰੇ ਵਿਦਿਆਰਥੀਆਂ ਨੂੰ ਜਲਦੀ ਹੀ ਬਾਹਰ ਕੱਢ ਲਿਆ ਜਾਵੇਗਾ।''

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 19 ਜੂਨ
INTERNATIONAL PAPER, 9463601616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

**ਲੜੀ ਜੋੜਨ ਲਈ ਇਹ ਦੱਸਣਾ ਜ਼ਰੂਰੀ ਹੋ ਜਾਂਦਾ ਹੈ ਕਿ ਗੋਲਮੇਜ਼ ਕਾਨਫਰੰਸ ਹੋਣ ਤੋਂ ਪਹਿਲਾਂ 9, 10, 11 ਅਗਸਤ 1930 ਨੂੰ ਤਿੰਨ ਦਿਨਾਂ ਲਈ ਨਾਗਪੁਰ ਵਿੱਚ ਰਾਸ਼ਟਰ ਪੱਧਰ ਦਾ ਅਛੂਤ ਸਮੇਲਨ ਵਿਚ ਕੀਤਾ ਗਿਆ। ਇਸ ਵਿੱਚ ਲੰਡਨ ਵਿੱਚ ਹੋਣ ਵਾਲੀ ਗੋਲਮੇਜ਼ ਕਾਨਫਰੰਸ ਲਈ ਅਛੂਤਾਂ ਦੇ ਪ੍ਰਤੀਨਿਧੀਆਂ ਦੀਆਂ ਨਾਮਜ਼ਦਗੀਆਂ ਕੀਤੀਆਂ ਜਾਣੀਆਂ ਸਨ ਜਿੱਥੇ ਭਵਿੱਖ ਦੇ ਭਾਰਤੀ ਸੰਵਿਧਾਨ ਦੀ ਰੂਪਰੇਖਾ 'ਤੇ ਚਰਚਾ ਕੀਤੀ ਜਾਣੀ ਸੀ। ਅਜ਼ਾਦੀ ਦੇ ਬਾਅਦ ਜੋ ਵੀ ਸਮਾਜਿਕ ਰਾਜਨੀਤਿਕ ਵਰਤਾਰਾ ਹੋਣ ਵਾਲੀ**



**ਸੀ ਬਾਬਾ ਸਾਹਿਬ ਨੇ 20 ਸਾਲ ਪਹਿਲਾਂ ਹੀ ਵਾਰਨਿੰਗ ਦੇ ਦਿੱਤੀ ਸੀ। ਪੂਰੀ ਜਾਣਕਾਰੀ ਅਤੇ ਕੜੀ ਜੋੜਨ ਲਈ ਹਰ ਰੋਜ ਦੇ ਲੇਖ ਨੂੰ ਪੜ੍ਹਨਾ ਜ਼ਰੂਰੀ ਹੈ**

(ਕਲ੍ਹ ਦੇ ਲੇਖ ਦਾ ਬਾਕੀ ਭਾਗ)

13. ਸਾਡੇ ਲਈ ਅਗਲਾ ਸਵਾਲ ਜਿਸ 'ਤੇ ਵਿਚਾਰ ਕਰਨਾ ਹੈ ਉਹ ਵੋਟਰਾਂ ਅਤੇ ਵੋਟ ਦੇ ਅਧਿਕਾਰ ਨਾਲ ਸਬੰਧਤ ਹੈ।

ਦੇਖਤੇ, ਇਸ ਸਬੰਧ ਵਿੱਚ ਸਾਡੀ ਮੰਗ ਕੀ ਹੋਵੇਗੀ? ਸਾਡੇ ਕੋਲ ਵੋਟਰਾਂ ਦੇ ਗਠਨ ਲਈ ਦੋ ਵਿਕਲਪ ਹਨ। ਇੱਕ ਹੈ ਵੱਖਰੇ ਵੋਟਰਾਂ ਦਾ ਗਠਨ ਕਰਨਾ ਅਤੇ ਦੂਜਾ ਵਿਕਲਪ ਹੈ ਮਿਸ਼ਰਤ ਵੋਟਰਾਂ ਵਿੱਚ ਰਾਖਵੀਆਂ ਸੀਟਾਂ ਦੀ ਯੋਜਨਾ ਬਣਾਉਣਾ। ਮੈਂ ਜਾਣਦਾ ਹਾਂ ਕਿ ਦਲਿਤ ਵਰਗ ਇਸ ਮੁੱਦੇ 'ਤੇ ਵੰਡਿਆ ਹੋਇਆ ਹੈ। ਬਹੁਤ ਸਾਰੇ ਲੋਕ ਸੋਚਦੇ ਹਨ ਕਿ ਵੋਟਰਾਂ ਦੇ ਚੋਣ ਹਲਕੇ ਵੱਖਰੇ ਹੋਣੇ ਚਾਹੀਦੇ ਹਨ। ਉਨ੍ਹਾਂ ਨੂੰ ਡਰ ਹੈ ਕਿ ਸੰਯੁਕਤ ਵੋਟਰ ਪ੍ਰਣਾਲੀ ਵਿੱਚ, ਬਹੁਗਿਣਤੀ ਵਰਗ ਦੇ ਵੋਟਰ, ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹੋਏ, ਸਾਡੇ ਉਮੀਦਵਾਰਾਂ ਵਿੱਚੋਂ ਸਿਰਫ਼ ਉਨ੍ਹਾਂ ਨੂੰ ਹੀ ਵੋਟ ਪਾਉਣਗੇ ਜਿਨ੍ਹਾਂ ਨੂੰ ਉਨ੍ਹਾਂ ਦੁਆਰਾ ਦਬਾਏ ਜਾਣ ਦੀ ਸੰਭਾਵਨਾ ਹੈ। ਮੈਂ ਇਹ ਨਹੀਂ ਕਹਿੰਦਾ ਕਿ ਇਹ ਡਰ ਬੇਬੁਨਿਆਦ ਹੈ। ਪਰ ਜੇਕਰ ਇਹ ਸੱਚ ਹੈ, ਤਾਂ ਇਸਦਾ ਹੱਲ ਵੋਟਰਾਂ ਦੇ ਚੋਂ ਹਲਕਿਆਂ ਨੂੰ ਦੋ ਵੱਖ-ਵੱਖ ਹਿੱਸਿਆਂ ਵਿੱਚ ਵੰਡਣਾ ਨਹੀਂ ਹੈ, ਸਗੋਂ ਬਾਲਗ ਵੋਟ ਦੇ ਅਧਿਕਾਰ ਦੀ ਮੰਗ ਕਰਕੇ ਵੋਟਰ ਸ਼ਕਤੀ ਨੂੰ ਜਿੰਨਾ ਸੰਭਵ ਹੋ ਸਕੇ ਵਧਾਉਣਾ ਹੈ ਤਾਂ ਜੋ ਸਾਡੇ ਪ੍ਰਤੀਨਿਧੀਆਂ ਦੀ ਚੋਣ ਵਿੱਚ ਬਹੁਗਿਣਤੀ ਭਾਈਚਾਰੇ ਦਾ ਪ੍ਰਭਾਵ ਘੱਟ ਤੋਂ ਘੱਟ ਜਾਂ ਜ਼ੀਰੋ ਹੋਵੇ। ਸਾਡੇ ਲਈ ਬਾਲਗ ਵੋਟ ਦੇ ਅਧਿਕਾਰ ਦੀ ਮੰਗ 'ਤੇ ਜ਼ੋਰ ਦੇਣਾ ਬਹੁਤ ਮਹੱਤਵਪੂਰਨ ਹੈ। ਕਿਉਂਕਿ ਇਹ ਸਾਡੀ ਸਭ ਤੋਂ ਮਹੱਤਵਪੂਰਨ ਮੰਗ ਹੈ ਅਤੇ ਜੇਕਰ ਦਲਿਤਾਂ ਲਈ ਸੀਟਾਂ ਦੇ ਰਾਖਵੇਂਕਰਨ ਦੀ ਯੋਜਨਾ ਨੂੰ ਸਾਂਝੇ ਵੋਟਰਾਂ ਨਾਲ ਲਾਗੂ ਕੀਤਾ ਜਾਂਦਾ ਹੈ ਤਾਂ ਸਾਨੂੰ ਵਿਰੋਧ ਕਰਨ ਦੀ ਕੋਈ ਲੋੜ ਨਹੀਂ ਹੈ।

14. ਇਸ ਸਬੰਧ ਵਿੱਚ, ਮੈਂ ਇਹ ਟਿੱਪਣੀ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਕੋਈ ਵੀ ਇਸ ਤੱਥ 'ਤੇ ਇਤਰਾਜ਼ ਨਹੀਂ ਕਰ ਸਕਦਾ ਕਿ ਸਾਡਾ ਦੇਸ਼ ਜਾਤ ਅਤੇ ਧਰਮ ਦੇ ਆਧਾਰ 'ਤੇ ਵੰਡਿਆ ਹੋਇਆ ਹੈ ਅਤੇ ਜਦੋਂ ਤੱਕ ਘੱਟ ਗਿਣਤੀ ਭਾਈਚਾਰਿਆਂ ਦੀ ਸੁਰੱਖਿਆ ਲਈ ਸੰਵਿਧਾਨ ਵਿੱਚ ਵਿਸ਼ੇਸ਼ ਪ੍ਰਬੰਧ ਅਤੇ ਕਾਨੂੰਨ ਲਾਗੂ ਨਹੀਂ ਕੀਤੇ ਜਾਂਦੇ, ਉਹ ਇੱਕ ਸੰਗਠਿਤ ਅਤੇ ਸਵੈ-ਸ਼ਾਸਨ ਵਾਲਾ ਭਾਈਚਾਰਾ ਨਹੀਂ ਬਣ ਸਕਦੇ। ਘੱਟ ਗਿਣਤੀਆਂ ਨੂੰ ਇਹ ਯਾਦ ਰੱਖਣਾ ਹੋਵੇਗਾ ਕਿ ਭਾਵੇਂ ਅੱਜ ਅਸੀਂ ਧਰਮ ਅਤੇ ਸੰਪਰਦਾ ਦੇ ਨਾਮ 'ਤੇ ਖਿੰਡੇ ਹੋਏ ਹਾਂ, ਪਰ ਸਾਡਾ ਆਦਰਸ਼ ਇੱਕ ਸੰਗਠਿਤ ਰਾਸ਼ਟਰ ਬਣਨਾ ਹੈ। ਕੋਈ ਵੀ ਘੱਟ ਗਿਣਤੀ ਭਾਈਚਾਰਾ ਜੋ ਚਾਹੁੰਦਾ ਹੈ ਕਿ ਉਨ੍ਹਾਂ ਦੀ ਆਵਾਜ਼ ਸੁਣੀ ਜਾਵੇ, ਉਸਨੂੰ ਇਸ ਆਦਰਸ਼ ਨੂੰ ਪਹਿਲੀ ਤਰਜੀਹ ਦੇਣ ਵਿੱਚ ਕੋਈ ਗਲਤੀ ਨਹੀਂ ਕਰਨੀ ਚਾਹੀਦੀ। ਇਸ ਤਰਕ ਤੋਂ ਇਹ ਨਿਕਲਦਾ ਹੈ ਕਿ ਸਾਰੇ ਘੱਟ ਗਿਣਤੀ ਭਾਈਚਾਰਿਆਂ ਲਈ ਇਹ ਬਹੁਤ ਮਹੱਤਵਪੂਰਨ ਹੈ ਕਿ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਬਣਾਏ ਗਏ ਨਿਯਮ ਅਤੇ ਪ੍ਰਬੰਧ ਸਾਡੇ ਆਦਰਸ਼ ਦੇ ਰਾਹ ਵਿੱਚ ਨਾ ਆਉਣ, ਭਾਵ "ਇੱਕ ਸੰਗਠਿਤ ਰਾਸ਼ਟਰ" ਬਣਨ। ਤੁਹਾਨੂੰ ਆਪਣੀ ਸੁਰੱਖਿਆ ਲਈ ਬਣਾਏ ਗਏ ਪ੍ਰਬੰਧਾਂ ਤੋਂ ਜਾਣੂ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਅਸਮਾਨਤਾ ਇੱਕ ਹਕੀਕਤ ਹੈ ਅਤੇ ਸੁਰੱਖਿਆ ਰਾਹੀਂ ਸਾਨੂੰ ਅਸਮਾਨਤਾ ਦੇ ਪਾੜੇ ਨੂੰ ਪੂਰਾ ਕਰਨਾ ਹੈ। ਨਿਯਮ ਅਤੇ ਵਿਵਸਥਾਵਾਂ ਅਜਿਹੀਆਂ ਨਹੀਂ ਹੋਣੀਆਂ ਚਾਹੀਦੀਆਂ ਕਿ ਅਸਮਾਨਤਾ ਸਥਾਈ ਹੋ ਜਾਵੇ ਅਤੇ ਅਸੀਂ ਹਮੇਸ਼ਾ ਲਈ ਅਪਾਹਜ ਹੋ ਜਾਈਏ ਅਤੇ ਇਨ੍ਹਾਂ ਵਿਵਸਥਾਵਾਂ 'ਤੇ ਬੈਸਾਖੀ ਵਾਂਗ ਨਿਰਭਰ ਹੋ ਜਾਈਏ। ਬਿਨਾਂ ਸ਼ੱਕ, ਬਹੁਗਿਣਤੀ ਭਾਈਚਾਰੇ ਦੀ ਘੱਟ ਗਿਣਤੀਆਂ ਦੀ ਰੱਖਿਆ ਕਰਨ ਦੀ ਵੱਡੀ ਜ਼ਿੰਮੇਵਾਰੀ ਹੈ। ਇਸ ਦੇ ਨਾਲ ਹੀ, ਘੱਟ ਗਿਣਤੀਆਂ ਦੀ ਵੀ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਅਜਿਹੇ ਸੁਰੱਖਿਆ ਨਿਯਮਾਂ 'ਤੇ ਜ਼ੋਰ ਨਾ ਦੇਣ ਜੋ ਸਾਰਿਆਂ ਦੀ ਏਕਤਾ ਵਿੱਚ ਰੁਕਾਵਟਾਂ ਪੈਦਾ ਕਰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ, ਸਾਂਝੇ ਵੋਟਰਾਂ ਨਾਲ ਰਾਖਵੀਆਂ ਸੀਟਾਂ ਦੀ ਯੋਜਨਾ ਵੱਖਰੇ ਵੋਟਰਾਂ ਦੀ ਯੋਜਨਾ ਨਾਲੋਂ ਬਿਹਤਰ ਹੈ। ਕਿਉਂਕਿ ਇਹ ਅੱਜ ਦੀ ਹਕੀਕਤ ਨੂੰ ਪੂਰਾ ਕਰਦੀ ਹੈ ਅਤੇ ਭਵਿੱਖ ਵਿੱਚ ਆਦਰਸ਼ ਵੱਲ ਵੀ ਮਦਦਗਾਰ ਹੈ।

15. ਦਲਿਤ ਵਰਗ ਦੀ ਸੁਰੱਖਿਆ ਬਾਰੇ ਇੱਕ ਹੋਰ ਮਹੱਤਵਪੂਰਨ ਨੁਕਤਾ ਹੈ। ਇਹ ਜਨਤਕ ਸੇਵਾ ਵਿੱਚ ਉਨ੍ਹਾਂ ਦੇ ਪ੍ਰਵੇਸ਼ ਬਾਰੇ ਹੈ। ਕਾਨੂੰਨ ਅਨੁਸਾਰ ਪ੍ਰਸ਼ਾਸਨ ਚਲਾਉਣਾ ਵਿਧਾਨ ਸਭਾ ਦੀ ਕਾਨੂੰਨ ਬਣਾਉਣ ਦੀ ਸ਼ਕਤੀ ਤੋਂ ਘੱਟ ਮਹੱਤਵਪੂਰਨ ਨਹੀਂ ਹੈ। ਕਾਨੂੰਨ ਦੀ ਭਾਵਨਾ ਦੀ ਉਲੰਘਣਾ, ਜੇ ਉਲੰਘਣਾ ਨਹੀਂ ਕੀਤੀ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸੁਤੰਤਰਤਾ, ਸਮਾਨਤਾ, ਭਾਈਚਾਰਾ

ਜਾ ਸਕਦੀ, ਤਾਂ ਪ੍ਰਸ਼ਾਸਨ ਦੀਆਂ ਚਾਲਾਂ ਦੁਆਰਾ ਬਹੁਤ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਦਲਿਤ ਵਰਗ ਲਈ ਪ੍ਰਸ਼ਾਸਨ ਦੀ ਸ਼ਕਤੀ ਨੂੰ ਕੰਟਰੋਲ ਕਰਨਾ ਨਾ ਸਿਰਫ਼ ਮਹੱਤਵਪੂਰਨ ਹੈ। ਅਕਸਰ, ਬਹੁਤ ਜ਼ਿਆਦਾ ਕੰਮ ਦੇ ਦਬਾਅ ਕਾਰਨ ਜਾਂ ਵਿਸ਼ੇਸ਼ ਹਾਲਾਤਾਂ ਵਿੱਚ, ਕਾਨੂੰਨ ਵਿੱਚ ਬਹੁਤ ਸਾਰੀਆਂ ਚੀਜ਼ਾਂ ਨੂੰ ਵਿਭਾਗ ਦੇ ਮੁਖੀ ਦੀ ਸਮਝ ਅਤੇ ਵਿਵੇਕ 'ਤੇ ਛੱਡਣਾ ਪੈਂਦਾ ਹੈ ਤਾਂ ਜੋ ਫੈਸਲੇ ਲਏ ਜਾ ਸਕਣ। ਜਨਤਕ ਹਿੱਤ ਅਤੇ ਭਲਾਈ ਅਧਿਕਾਰੀਆਂ ਦੁਆਰਾ ਉਨ੍ਹਾਂ ਦੀ ਸਮਝ ਅਨੁਸਾਰ ਲਏ ਗਏ ਨਿਰਪੱਖ ਫੈਸਲਿਆਂ 'ਤੇ ਨਿਰਭਰ ਕਰਦੀ ਹੈ, ਯਾਨੀ ਕਿ ਕਿਸ ਤਰ੍ਹਾਂ ਦੀ ਨਿਰਪੱਖਤਾ ਹੈ। ਭਾਰਤ ਵਰਗੇ ਦੇਸ਼ ਵਿੱਚ, ਜਿੱਥੇ ਇੱਕ ਖਾਸ ਭਾਈਚਾਰਾ ਜਨਤਕ ਸੇਵਾ 'ਤੇ ਹਾਵੀ ਹੁੰਦਾ ਹੈ, ਇੱਕ ਖਾਸ ਵਰਗ ਦੁਆਰਾ ਦੌਲਤ ਬਣਾਉਣ ਜਾਂ ਇਸ ਸਮਝ ਦੇ ਦਾਇਰੇ ਵਿੱਚ ਲਏ ਗਏ ਫੈਸਲਿਆਂ ਦਾ ਅਨੁਚਿਤ ਲਾਭ ਲੈਣ ਲਈ ਇਸ ਸ਼ਕਤੀ ਦੀ ਬਹੁਤ ਜ਼ਿਆਦਾ ਦੁਰਵਰਤੋਂ ਦਾ ਡਰ ਸਿਰਫ਼ ਇੱਕ ਡਰ ਨਹੀਂ ਹੈ। ਇਸਦਾ ਇੱਕੋ ਇੱਕ ਹੱਲ ਇਹ ਹੈ ਕਿ ਜਨਤਕ ਸੇਵਾ ਵਿੱਚ ਸਾਰੀਆਂ ਜਾਤਾਂ, ਧਰਮਾਂ ਅਤੇ ਦਲਿਤ ਵਰਗਾਂ ਦਾ ਸਹੀ ਮਿਸ਼ਰਣ ਹੋਵੇ, ਇਸ ਲਈ ਸਾਨੂੰ ਦਬਾਅ ਪਾਉਣਾ ਪਵੇਗਾ। ਸਾਨੂੰ ਮੰਗ ਕਰਨੀ ਚਾਹੀਦੀ ਹੈ ਕਿ ਜਨਤਕ ਸੇਵਾ ਵਿੱਚ ਕੁਝ ਪ੍ਰਤੀਸ਼ਤ ਸੀਟਾਂ ਦਲਿਤ ਵਰਗ ਲਈ ਰਾਖਵੀਆਂ ਕੀਤੀਆਂ ਜਾਣ ਅਤੇ ਸੰਵਿਧਾਨ ਵਿੱਚ ਇਸ ਗਰੰਟੀ ਲਈ ਕੋਈ ਵਿਵਸਥਾ ਕਰਨ ਵਿੱਚ ਕੋਈ ਮੁਸ਼ਕਲ ਨਹੀਂ ਆਵੇਗੀ। ਜੇਕਰ ਦਲਿਤ ਵਰਗ ਨੂੰ ਦੇਸ਼ ਵਿੱਚ ਆਉਣ ਵਾਲੀਆਂ ਸਰਕਾਰਾਂ ਵਿੱਚ ਮੰਤਰੀਆਂ ਦੀ ਪ੍ਰਤੀਨਿਧਤਾ ਯਕੀਨੀ ਹੈ, ਤਾਂ ਸੁਰੱਖਿਆ ਅਤੇ ਸੁਰੱਖਿਆ ਲਈ ਅਜਿਹੀ ਵਿਵਸਥਾ ਦੀ ਕੋਈ ਲੋੜ ਨਹੀਂ ਹੈ। ਪਰ ਇਹ ਅਸੰਭਵ ਜਾਪਦਾ ਹੈ, ਕਿਉਂਕਿ ਦਲਿਤ ਵਰਗ ਹਮੇਸ਼ਾ ਘੱਟ ਗਿਣਤੀ ਰਹੇਗਾ। ਇਸ ਲਈ, ਇਹ ਬਹੁਤ ਮਹੱਤਵਪੂਰਨ ਹੋ ਜਾਂਦਾ ਹੈ ਕਿ ਤੁਸੀਂ ਅਜਿਹੀ ਗਾਰੰਟੀ 'ਤੇ ਜ਼ੋਰ ਦਿਓ।

**ਲੇਖ ਦਾ ਬਾਕੀ ਭਾਗ ਕਲ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 19 ਜੂਨ
INTERNATIONAL PAPER, 9463601616
hardipchumber57@gmail.com

# ਸਭਿਅਤਾ ਜਾਂ ਪੂਰੀ ਤਰ੍ਹਾਂ ਅਸਭਿਅਤਾ

ਬਾਬਾ ਸਾਹਿਬ ਡਾ. ਅੰਬੇਡਕਰ

ਲੜੀ ਵਾਰ ਭਾਗ ਪਹਿਲਾ

1 ਭਾਰਤ ਦੇ ਲੋਕਾਂ ਬਾਰੇ ਇੱਕ ਹੋਰ ਦ੍ਰਿਸ਼ਟੀਕੋਣ,

2. ਦੱਬੇ-ਕੁਚਲੇ ਵਰਗਾਂ ਦਾ ਉਸਦਾ ਵਰਣਨ: (a) ਆਦਿਮ ਕਬੀਲੇ, (b) ਅਪਰਾਧੀ ਜਾਤੀਆਂ, ਅਤੇ (c) ਅਛੂਤ ਵਰਗ,

3. ਇਹਨਾਂ ਵਰਗਾਂ ਦੀ ਸਥਿਤੀ 'ਤੇ ਹਿੰਦੂ ਸਭਿਅਤਾ ਦਾ ਪ੍ਰਭਾਵ, ਅਤੇ

4. ਇਹਨਾਂ ਵਰਗਾਂ ਦੀਆਂ ਵੱਖ-ਵੱਖ ਸਮੱਸਿਆਵਾਂ।

ਆਮ ਤੌਰ 'ਤੇ ਭਾਰਤ ਦੀ ਆਬਾਦੀ ਨੂੰ ਭਾਸ਼ਾ ਜਾਂ ਧਰਮ ਦੇ ਆਧਾਰ 'ਤੇ ਸ਼੍ਰੇਣੀਬੱਧ ਕੀਤਾ ਜਾਂਦਾ ਹੈ। ਇਹ ਭਾਰਤ ਦੇ ਲੋਕਾਂ ਦੇ ਵਰਗੀਕਰਨ ਦੇ ਦੋ ਅਧਾਰ ਹਨ, ਜੋ ਲੰਬੇ ਸਮੇਂ ਤੋਂ ਵਰਤੇ ਜਾ ਰਹੇ ਹਨ। ਇਸ ਦੇ ਨਤੀਜੇ ਵਜੋਂ, ਵਿਦੇਸ਼ੀ ਲੋਕਾਂ ਨੂੰ ਇਹ ਪ੍ਰਭਾਵ ਮਿਲਿਆ ਹੈ ਕਿ ਭਾਰਤੀਆਂ ਬਾਰੇ ਜਾਣਨ ਲਈ ਇੱਕੋ ਇੱਕ ਮਹੱਤਵਪੂਰਨ ਚੀਜ਼ ਉਹ ਧਰਮ ਹੈ ਜਿਸਦਾ ਉਹ ਪਾਲਣ ਕਰਦੇ ਹਨ ਅਤੇ ਉਹ ਭਾਸ਼ਾ ਜੋ ਉਹ ਬੋਲਦੇ ਹਨ। ਇਸ ਸੀਮਤ ਦ੍ਰਿਸ਼ਟੀਕੋਣ ਦੇ ਕਾਰਨ, ਉਹ ਭਾਰਤ ਵਿੱਚ ਪ੍ਰਚਲਿਤ ਧਰਮਾਂ ਅਤੇ ਭਾਸ਼ਾਵਾਂ ਦੇ ਗਿਆਨ ਤੋਂ ਸੰਤੁਸ਼ਟ ਹਨ। ਕੋਈ ਵੀ ਵਿਦੇਸ਼ੀ ਜੋ ਧਰਮ ਵਿੱਚ ਦਿਲਚਸਪੀ ਰੱਖਦਾ ਹੈ, ਉਸਨੂੰ ਸਿਰਫ਼ ਇਹ ਯਾਦ ਰਹਿੰਦਾ ਹੈ ਕਿ ਭਾਰਤ ਵਿੱਚ ਰਹਿਣ ਵਾਲੇ ਲੋਕ ਜਾਂ ਤਾਂ ਹਿੰਦੂ ਹਨ ਜਾਂ ਮੁਸਲਮਾਨ, ਜਾਂ ਉਸਨੂੰ ਯਾਦ ਰਹਿੰਦਾ ਹੈ ਕਿ ਭਾਰਤ ਵਿੱਚ ਰਹਿਣ ਵਾਲੇ ਕੁਝ ਲੋਕ ਮਰਾਠੀ, ਕੁਝ ਗੁਜਰਾਤੀ, ਕੁਝ ਬੰਗਾਲੀ ਅਤੇ ਕੁਝ ਤਾਮਿਲ ਆਦਿ ਬੋਲਦੇ ਹਨ।

ਭਾਰਤ ਦੇ ਲੋਕਾਂ ਦੇ ਵਰਗੀਕਰਨ ਦੇ ਆਧਾਰਾਂ ਵਿੱਚੋਂ, ਧਾਰਮਿਕ ਵਰਗੀਕਰਨ ਇੱਕ ਵਿਦੇਸ਼ੀ ਲਈ ਵਧੇਰੇ ਪ੍ਰਭਾਵਸ਼ਾਲੀ ਅਤੇ ਆਕਰਸ਼ਕ ਲੱਗਦਾ ਹੈ। ਇਸ ਲਈ, ਉਹ ਭਾਸ਼ਾਵਾਂ ਨਾਲੋਂ ਧਰਮਾਂ ਵਿੱਚ ਵਧੇਰੇ ਦਿਲਚਸਪੀ ਲੈਂਦਾ ਹੈ। ਪਰ ਫਿਰ ਵੀ ਉਹ ਭਾਰਤ ਦੇ ਸਾਰੇ ਧਾਰਮਿਕ ਸੰਪਰਦਾਵਾਂ ਤੋਂ ਜਾਣੂ ਨਹੀਂ ਹੈ। ਉਹ ਸਿਰਫ਼ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਹੀ ਜਾਣਦਾ ਹੈ। ਉਹ ਕਈ ਵਾਰ ਸਿੱਖਾਂ ਬਾਰੇ ਸੁਣਦਾ ਹੈ, ਗਲਤੀ ਨਾਲ ਉਹ ਈਸਾਈਆਂ ਬਾਰੇ ਸੁਣਦਾ ਹੈ, ਹਾਲਾਂਕਿ ਉਨ੍ਹਾਂ ਦੀ ਗਿਣਤੀ ਵੱਧ ਰਹੀ ਹੈ, ਅਤੇ ਉਸਨੂੰ ਕਦੇ ਵੀ ਬੋਧੀਆਂ ਬਾਰੇ ਕੋਈ ਜਾਣਕਾਰੀ ਨਹੀਂ ਮਿਲਦੀ, ਜਿੱਥੋਂ ਤੱਕ ਅੱਜ ਦੇ ਭਾਰਤ ਦਾ ਸਬੰਧ ਹੈ, ਯਕੀਨਨ ਮੌਜੂਦ ਨਹੀਂ ਹਨ।'

ਵਿਦੇਸ਼ੀਆਂ ਦੇ ਮਨ ਵਿੱਚ ਇਹ ਧਾਰਨਾ ਹੈ ਕਿ ਭਾਰਤ ਵਿੱਚ ਸਿਰਫ਼ ਹਿੰਦੂ ਅਤੇ ਮੁਸਲਮਾਨ ਹਨ ਅਤੇ ਦੂਜਿਆਂ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਅਜਿਹੀ ਧਾਰਨਾ ਹੋਣਾ ਸੁਭਾਵਿਕ ਹੈ। ਪੂਰੇ ਦੇਸ਼ ਵਿੱਚ ਹਿੰਦੂ-ਮੁਸਲਿਮ ਦੰਗਿਆਂ ਦੀ ਚਰਚਾ ਹੈ। ਸਥਿਤੀ ਕਿੰਨੀ ਗੰਭੀਰ ਹੈ ਇਸਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਹਾਲ ਹੀ ਦੇ ਸਾਲਾਂ ਵਿੱਚ ਕਿੰਨੇ ਹਿੰਦੂ-ਮੁਸਲਿਮ ਦੰਗੇ ਹੋਏ ਹਨ ਅਤੇ ਉਨ੍ਹਾਂ ਵਿੱਚ ਕਿੰਨੇ ਲੋਕ ਮਾਰੇ ਗਏ ਹਨ।

ਪਰ ਇਹ ਸੰਘਰਸ਼ ਆਪਣੇ ਰਾਜ ਲਈ ਸੰਘਰਸ਼ ਹੈ। ਕੁਝ ਹਿੰਦੂ ਹਨ ਜੋ ਭਾਰਤ ਵਿੱਚ ਇੱਕ ਹਿੰਦੂ ਰਾਜ ਸਥਾਪਤ ਕਰਨ ਲਈ ਸੰਘਰਸ਼ ਕਰ ਰਹੇ ਹਨ, ਜਿਸ ਵਿੱਚ ਮੁਸਲਮਾਨਾਂ ਦੀ ਸਥਿਤੀ ਸਿਰਫ਼ ਅਧੀਨਗੀ ਵਾਲੀ ਹੋਵੇਗੀ। ਕੁਝ ਮੁਸਲਮਾਨ ਹਨ ਜੋ ਹਰ ਜਗ੍ਹਾ ਇਸਲਾਮ ਸਥਾਪਤ ਹੋਣ ਦਾ ਸੁਪਨਾ ਦੇਖਦੇ ਹਨ। ਉਹ ਭਾਰਤ ਨੂੰ ਇੱਕ ਮੁਸਲਿਮ ਸਾਮਰਾਜ ਦਾ ਹਿੱਸਾ ਬਣਾਉਣਾ ਚਾਹੁੰਦੇ ਹਨ, ਜਿਸ ਵਿੱਚ ਹਿੰਦੂਆਂ ਲਈ ਇੱਕੋ ਇੱਕ ਵਿਕਲਪ ਹੋਵੇਗਾ ਕਿ ਉਹ 'ਕੁਰਾਨ' ਨੂੰ ਸਵੀਕਾਰ ਕਰਨ ਜਾਂ ਮਰ ਜਾਣ। ਕੱਟੜਪੰਥੀ ਵਿਚਾਰਧਾਰਾ ਵਾਲੇ ਇਨ੍ਹਾਂ ਲੋਕਾਂ ਵਿੱਚ, ਉਦਾਰਵਾਦੀ ਲੋਕ ਹਨ ਜੋ ਇੱਕ ਅਜਿਹਾ ਰਾਜ ਚਾਹੁੰਦੇ ਹਨ ਜਿਸ ਵਿੱਚ ਹਿੰਦੂ ਅਤੇ ਮੁਸਲਮਾਨ ਦੋਵੇਂ ਬਰਾਬਰ ਦੇ ਭਾਈਵਾਲ ਵਜੋਂ ਰਹਿ ਸਕਣ। ਸਿਰਫ਼ ਸਮਾਂ ਹੀ ਦੱਸ ਸਕਦਾ ਹੈ ਕਿ ਕੌਣ ਸਫਲ ਹੋਵੇਗਾ, ਕੱਟੜਪੰਥੀ ਜਾਂ ਉਦਾਰਵਾਦੀ। ਇਸ ਸਮੇਂ ਅਖ਼ਬਾਰਾਂ ਦੀਆਂ ਸੁਰਖੀਆਂ ਦੋਵਾਂ ਪਾਸਿਆਂ ਤੋਂ ਖੂਨ-ਖਰਾਬੇ ਨਾਲ ਭਰੀਆਂ ਹੋਈਆਂ ਹਨ। ਪਰ ਇਸ ਸਭ ਦੇ ਬਾਵਜੂਦ, ਮੈਨੂੰ ਲੱਗਦਾ ਹੈ ਕਿ ਬਹੁਤ ਸਾਰੇ ਲੋਕ ਹਨ ਜੋ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਇਸ ਸੰਘਰਸ਼ ਵਿੱਚ ਬਹੁਤੀ ਦਿਲਚਸਪੀ ਨਹੀਂ ਰੱਖਦੇ। ਵੈਸੇ ਵੀ, ਇਹ ਸੱਤਾ ਹਾਸਲ ਕਰਨ ਦਾ ਸੰਘਰਸ਼ ਹੈ। ਇਹ ਆਜ਼ਾਦੀ ਹਾਸਲ ਕਰਨ ਦਾ ਸੰਘਰਸ਼ ਹੈ। ਇਹ ਇੱਕ ਦੂਜੇ ਉੱਤੇ ਸੱਤਾ ਹਾਸਲ ਕਰਨ ਦਾ ਸੰਘਰਸ਼ ਹੈ। ਉਹ ਦਲਿਤਾਂ ਦੇ ਸੰਘਰਸ਼ਾਂ ਵਿੱਚ ਵਧੇਰੇ ਦਿਲਚਸਪੀ ਲੈਣਗੇ ਜੋ ਇੱਕ ਅਹੁਦਾ ਹਾਸਲ ਕਰਨ ਲਈ ਸੰਘਰਸ਼ ਕਰ ਰਹੇ ਹਨ। ਇੰਗਲੈਂਡ ਵਿੱਚ ਵਿਗਜ਼ ਅਤੇ ਟੋਰੀਜ਼ ਵਿਚਕਾਰ ਪੁਰਾਣੇ ਵਿਵਾਦ ਦਾ ਵਰਣਨ ਕਰਦੇ ਹੋਏ, ਫਰਾਂਸਿਸ ਪਲੇਸ ਨੇ ਵਿਗਜ਼ ਦੀ ਰਾਜਨੀਤਿਕ ਨੀਤੀ ਬਾਰੇ ਕਿਹਾ ਸੀ ਕਿ ਉਹ ਇੱਕ ਪਾਸੇ ਰਾਜਾ ਨੂੰ ਕੁਚਲਣਾ ਚਾਹੁੰਦੇ ਸਨ ਅਤੇ ਦੂਜੇ ਪਾਸੇ ਲੋਕਾਂ ਨੂੰ। ਉਹ ਕੁਲੀਨ ਵਰਗ ਦਾ ਰਾਜ ਚਾਹੁੰਦੇ ਸਨ। ਇਸ ਸਮੇਂ ਸੰਘਰਸ਼ ਕਰ ਰਹੇ ਹਿੰਦੂ ਅਤੇ ਮੁਸਲਮਾਨ ਭਾਰਤੀ ਰਾਜਨੀਤੀ ਵਿੱਚ ਇੱਕੋ ਨੀਤੀ ਅਪਣਾ ਰਹੇ ਹਨ। ਉਹ ਆਪਣੇ-ਆਪਣੇ ਵਰਗਾਂ ਨੂੰ ਹਾਕਮ ਵਰਗਾਂ ਵਜੋਂ ਸਥਾਪਤ ਕਰਨਾ ਚਾਹੁੰਦੇ ਹਨ। ਲੋਕਾਂ ਨੂੰ, ਭਾਵੇਂ ਮੁਸਲਮਾਨ ਹੋਵੇ ਜਾਂ ਹਿੰਦੂ, ਇੱਕ ਖਾਸ ਵਰਗ ਸਥਾਪਤ ਕਰਨ ਲਈ ਸਿਰਫ਼ ਇੱਕ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਮੌਜੂਦਾ ਸੰਘਰਸ਼ ਵਰਗਾਂ ਦਾ ਸੰਘਰਸ਼ ਹੈ, ਲੋਕਾਂ ਦਾ ਨਹੀਂ।

ਜਿਹੜੇ ਲੋਕ ਜਨ ਅੰਦੋਲਨਾਂ ਵਿੱਚ ਦਿਲਚਸਪੀ ਰੱਖਦੇ ਹਨ, ਉਨ੍ਹਾਂ ਨੂੰ ਭਾਰਤ ਦੇ ਲੋਕਾਂ ਪ੍ਰਤੀ ਇੱਕ ਵੱਖਰਾ ਨਜ਼ਰੀਆ ਅਪਣਾਉਣਾ ਚਾਹੀਦਾ ਹੈ। ਉਨ੍ਹਾਂ ਨੂੰ ਸਿਰਫ਼ ਧਾਰਮਿਕ ਨਜ਼ਰੀਆ ਅਪਣਾਉਣਾ ਬੰਦ ਕਰਨਾ ਚਾਹੀਦਾ ਹੈ। ਉਨ੍ਹਾਂ ਨੂੰ ਭਾਰਤ ਦੇ ਲੋਕਾਂ ਪ੍ਰਤੀ ਸਮਾਜਿਕ ਅਤੇ ਆਰਥਿਕ ਨਜ਼ਰੀਆ ਅਪਣਾਉਣਾ ਚਾਹੀਦਾ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਸਾਨੂੰ ਇਹ ਪਤਾ ਲਗਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਕਿ ਧਰਮ ਨੇ ਭਾਰਤ ਦੇ ਲੋਕਾਂ ਦੇ ਆਰਥਿਕ ਅਤੇ ਸਮਾਜਿਕ ਜੀਵਨ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ। ਦਰਅਸਲ, ਭਾਰਤ ਦੇ ਲੋਕਾਂ ਦਾ ਕੋਈ ਵੀ ਅਧਿਐਨ, ਭਾਵੇਂ ਹਿੰਦੂ ਹੋਵੇ ਜਾਂ ਮੁਸਲਿਮ, ਉਨ੍ਹਾਂ ਦੇ ਜੀਵਨ ਦੀ ਢੁਕਵੀਂ ਤਸਵੀਰ ਨਹੀਂ ਦੇ ਸਕਦਾ ਜੇਕਰ ਧਰਮ ਨੂੰ ਧਿਆਨ ਵਿੱਚ ਨਹੀਂ ਰੱਖਿਆ ਜਾਂਦਾ। ਇਸਦਾ ਇੱਕ ਕਾਰਨ ਹੈ। ਭਾਰਤ ਵਿੱਚ ਧਰਮ ਓਨਾ ਹੀ ਮਹੱਤਵਪੂਰਨ ਹੈ ਜਿੰਨਾ ਮੱਧ ਯੁੱਗ ਦੌਰਾਨ ਯੂਰਪ ਵਿੱਚ ਰੋਮਨ ਕੈਥੋਲਿਕ ਚਰਚ ਸੀ। ਬ੍ਰਾਇਸ ਨੇ ਜਿਨ੍ਹਾਂ ਸ਼ਬਦਾਂ ਵਿੱਚ ਲੋਕਾਂ ਦੇ ਜੀਵਨ ਉੱਤੇ ਚਰਚ ਦੇ ਦਬਦਬੇ ਦਾ ਵਰਣਨ ਕੀਤਾ ਹੈ, ਉਹ ਇੱਥੇ ਵਰਣਨਯੋਗ ਹਨ, 'ਚਰਚ ਦਾ ਜੀਵਨ, ਚਰਚ ਲਈ ਜੀਵਨ, ਚਰਚ ਰਾਹੀਂ ਜੀਵਨ, ਉਹ ਜੀਵਨ ਜਿਸ ਨੂੰ ਚਰਚ ਸਵੇਰ ਦੇ ਸਮੂਹ ਵਿੱਚ ਅਸੀਸਾਂ ਦਿੰਦਾ ਹੈ ਅਤੇ ਸ਼ਾਮ ਦੀ ਪ੍ਰਾਰਥਨਾ ਸਭਾ ਵਿੱਚ ਸ਼ਾਂਤੀ ਦਿੰਦਾ ਹੈ, ਉਹ ਜੀਵਨ ਜਿਸਨੂੰ ਚਰਚ ਧਾਰਮਿਕ ਰਸਮਾਂ ਨਾਲ ਮਜ਼ਬੂਤ ਕਰਦਾ ਰਹਿੰਦਾ ਹੈ, ਪਾਪਾਂ ਦੇ ਇਕਬਾਲ ਦੁਆਰਾ ਰਾਹਤ ਪ੍ਰਦਾਨ ਕਰਦਾ ਹੈ, ਤਪੱਸਿਆ ਨਾਲ ਇਸਨੂੰ ਸ਼ੁੱਧ ਕਰਦਾ ਹੈ, ਚਿੰਤਨ ਅਤੇ ਪੂਜਾ ਲਈ ਠੋਸ ਚਿੰਨ੍ਹ ਪੇਸ਼ ਕਰਕੇ ਇਸਨੂੰ ਚੇਤਾਵਨੀ ਦਿੰਦਾ ਰਹਿੰਦਾ ਹੈ, ਇਹ ਉਹ ਜੀਵਨ ਸੀ ਜਿਸਨੂੰ ਮੱਧ ਯੁੱਗ ਦੇ ਅਣਗਿਣਤ ਲੋਕ ਮਨੁੱਖ ਦਾ ਧਾਰਮਿਕ ਜੀਵਨ ਮੰਨਦੇ ਸਨ, ਇਹ ਬਹੁਤ ਸਾਰੇ ਲੋਕਾਂ ਦਾ ਅਸਲ ਜੀਵਨ ਸੀ, ਇਹ ਉਨ੍ਹਾਂ ਦਾ ਸਰਵ ਵਿਆਪਕ ਤੌਰ 'ਤੇ ਪ੍ਰਵਾਨਿਤ ਆਦਰਸ਼ ਸੀ। ਅੱਜ ਭਾਰਤ ਦੇ ਲੋਕਾਂ ਦੇ ਜੀਵਨ 'ਤੇ ਧਰਮ ਜਿਸ ਤਰ੍ਹਾਂ ਹਾਵੀ ਹੈ, ਉਹ ਸਥਿਤੀ ਚਰਚ ਦੀ ਸਥਿਤੀ ਤੋਂ ਬਿਲਕੁਲ ਵੀ ਵੱਖਰੀ ਨਹੀਂ ਹੈ, ਜੋ ਕਿ ਮੱਧ ਯੁੱਗ ਵਿੱਚ ਲੋਕਾਂ ਦੇ ਜੀਵਨ ਵਿੱਚ ਇਸਦੀ ਸੀ। ਇਸ ਲਈ, ਧਰਮ ਨੂੰ ਧਿਆਨ ਵਿੱਚ ਨਾ ਰੱਖਣਾ ਇੱਕ ਗਲਤੀ ਹੋਵੇਗੀ। ਪਰ ਇਹ ਸੋਚਣਾ ਵੀ ਉਨਾ ਹੀ ਸਹੀ ਹੈ ਕਿ ਧਾਰਮਿਕ ਦ੍ਰਿਸ਼ਟੀਕੋਣ ਇੱਕ ਨੰਗੀ ਸਤਹੀ ਤਸਵੀਰ ਪੇਸ਼ ਕਰੇਗਾ। ਇਸ ਲਈ, ਇਹ ਜਾਣਨਾ ਵਧੇਰੇ ਮਹੱਤਵਪੂਰਨ ਹੈ ਕਿ ਭਾਰਤ ਵਿੱਚ ਆਮ ਜਨਤਾ ਅਤੇ ਇਸਦੇ ਵੱਖ-ਵੱਖ ਵਰਗ ਕਿਸ ਤਰ੍ਹਾਂ ਦਾ ਜੀਵਨ ਜੀਉਂਦੇ ਹਨ? ਉਨ੍ਹਾਂ ਦੇ ਸਮੂਹਿਕ ਜੀਵਨ ਦੀਆਂ ਸਮਾਜਿਕ ਜ਼ਰੂਰਤਾਂ ਅਤੇ ਆਰਥਿਕ ਜ਼ਰੂਰਤਾਂ ਕੀ ਹਨ? ਉਹ ਧਰਮ ਤੋਂ ਕਿਸ ਹੱਦ ਤੱਕ ਪ੍ਰਭਾਵਿਤ ਹਨ? ਇਸ ਸਵਾਲ ਦਾ ਜਵਾਬ ਹਿੰਦੂ ਸਮਾਜ ਦੇ ਅੰਦਰ ਵੱਖ-ਵੱਖ ਵਰਗਾਂ ਦੇ ਲੋਕਾਂ ਦੁਆਰਾ ਚਲਾਈ ਜਾਂਦੀ ਸਮਾਜਿਕ ਜ਼ਿੰਦਗੀ ਵਿੱਚ ਮਿਲਦਾ ਹੈ।

**ਲੇਖ ਦਾ ਬਾਕੀ ਭਾਗ ਕਲ**

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 19 ਜੂਨ
INTERNATIONAL PAPER, 9463601616
hardipchumber57@gmail.com

# ਅੰਤਰਰਾਸ਼ਟਰੀ ਯੋਗਾ ਦਿਵਸ ਤੇ ਵਿਸ਼ੇਸ਼

ਦਲਬੀਰ ਸਿੰਘ ਧਾਲੀਵਾਲ ਪਟਿਆਲਾ
86993—22704



### ਬਾਕੀ ਦੇ ਕੰਮ ਬਾਅਦ 'ਚ ਪਹਿਲਾਂ ਯੋਗ ਜ਼ਰੂਰੀ ਏ

ਵੇਖਿਆ ਜਾਵੇ ਤਾਂ ਯੋਗਾ ਮਨੁੱਖ ਲਈ ਇੱਕ ਵਰਦਾਨ ਹੈ ਕਿਉਂਕਿ ਇਹ ਸਾਨੂੰ ਤੰਦਰੁਸਤ ਜਿੰਦਗੀ ਜਿਉਣ ਦੀ ਕਲਾ ਸਿਖਾਉਂਦਾ ਹੈ । ਵਿਸ਼ਵਕਰ ਯੋਗਾ ਇੱਕ ਸਰੀਰਕ, ਮਾਨਸਿਕ ਤੇ ਅਧਿਆਤਮਕ ਅਭਿਆਨ ਹੈ ਜੋ ਅੱਜ ਤੋਂ 5000 ਸਾਲ ਪਹਿਲਾਂ ਸਾਡੇ ਪ੍ਰਾਚੀਨ ਭਾਰਤ ਵਿੱਚ ਸਾਡੇ ਮਹਾਂਪੁਰਸ਼ਾਂ, ਰੀਸ਼ੀਆਂ ਮੁੰਨੀਆਂ ਅਤੇ ਯੋਗ ਅਚਾਰੀਆਂ ਵੱਲੋਂ ਸ਼ੁਰੂ ਕੀਤਾ ਗਿਆ ਸੀ । ਯੋਗ ਸ਼ਬਦ ਸੰਸਕ੍ਰਿਤ ਦੇ ਇੱਕ ਲਫ਼ਜ ' ਯੁਜ ' ਤੋਂ ਆਇਆ ਹੈ ਜਿਸ ਦਾ ਅਰਥ ਹੈ ਜੁਲਾ ਜਾਂ ਇੱਕ ਜੁੱਟ ਹੋਣਾ । ਇਸ ਤਰ੍ਹਾਂ ਯੋਗਾ ਨੂੰ ਅਕਸਰ ਅਭਿਆਸਾਂ ਦੀ ਇੱਕ ਪ੍ਰਣਾਲੀ ਵਜੋਂ ਦਰਸਾਇਆ ਜਾਂਦਾ ਹੈ ਜਿਸ ਦਾ ਉਦੇਸ਼ ਸਰੀਰ, ਮਨ ਅਤੇ ਦਿਮਾਗ ਨੂੰ ਏਕੀਕ੍ਰਿਤ ਕਰਨਾ ਹੈ । ਮੂਲ ਰੂਪ ਵਿੱਚ ਯੋਗਾ ਰਾਹੀਂ ਵੱਖ—ਵੱਖ ਸਰੀਰਕ ਆਸਣ, ਸਾਹ ਲੈਣ ਦੀਆਂ ਤਕਨੀਕਾਂ (ਪ੍ਰਾਣਾਯਾਮ) ਅਤੇ ਧਿਆਨ ਅਭਿਆਸ ਸ਼ਾਮਲ ਹੁੰਦੇ ਹਨ ਜੋ ਸਰੀਰਕ ਤਾਕਤ, ਲਚਕਤਾ, ਸੰਤੁਲਨ ਸਮੇਤ ਸਿਹਤ ਅਤੇ ਤੰਦਰੁਸਤੀ ਨੂੰ ਸਮੁੱਚੇ ਤੌਰ ਤੇ ਵਧਾਉਂਦੇ ਹਨ, ਧਿਆਨ ਲਾਉਣ ਦੀਆਂ ਤਕਨੀਕਾਂ ਮਨ ਨੂੰ ਸ਼ਾਂਤ ਕਰਨ ਅਤੇ ਸਵੈ ਜਾਗਰੂਕਤਾ ਦੀ ਡੂੰਘੀ ਭਾਵਨਾ ਨਾਲ ਜੁੜਨ ਲਈ ਮਦਦ ਕਰਦੀਆਂ ਹਨ । ਇਸ ਤੋਂ ਇਲਾਵਾ ਦੁਨੀਆਂ ਵਿੱਚ ਲੱਖਾਂ ਲੋਕ ਯੋਗਾ ਦਾ ਅਭਿਆਸ ਕਰਦੇ ਹਨ, ਬਹੁਤ ਸਾਰੀਆਂ ਵੱਖਰੀਆਂ ਸ਼ੈਲੀਆਂ ਹਨ ਜਿਵੇਂ ਹੱਥ ਯੋਗ, ਅਸਟਾਂਗ ਯੋਗਾ, ਅਯੰਗਰ ਯੋਗਾ, ਕੁੰਡਲੀ ਯੋਗਾ, ਚੱਕੀ ਆਸਣ ਆਦਿ । ਯੋਗਾ ਮਾਨਸਿਕ ਲਾਭਾਂ ਦੀ ਖੁਸ਼ਹਾਲ ਸ਼੍ਰੇਣੀ ਪ੍ਰਦਾਨ ਕਰਨ ਲਈ ਜਾਣਿਆ ਜਾਂਦਾ ਹੈ । ਜਿੰਨਾਂ ਵਿੱਚ ਚੋਟੀ ਦੇ 5 ਹਨ ਜਿਵੇਂ ਕਿ ਤਣਾਅ ਘਟਾਉਣਾ, ਮਾਨਸਿਕ ਚਿੰਤਾ ਤੋਂ ਛੁਟਕਾਰਾ, ਸਰੀਰਕ ਮਾਸਪੇਸ਼ੀਆਂ ਨੂੰ ਲਚਕੀਲਾ ਬਨਾਉਣਾ ਆਦਿ । ਯੋਗਾ ਪੈਰਾ ਸਿੰਮਪੈਥੈਟਿਕ ਨਰਵਸ ਸਿਸਟਮ ਨੂੰ ਸਰਗਰਮ ਕਰਨ ਵਿੱਚ ਮਦਦ ਕਰਦਾ ਹੈ ਜੋ ਤਣਾਅ ਜਾਂ ਚਿੰਤਾ ਦਾ ਮੁਕਾਬਲਾ ਕਰਨ ਵਿੱਚ ਮਦਦ ਕਰਦਾ ਹੈ । ਇੱਥੇ ਇਹ ਵੀ ਵਿਚਾਰਣਯੋਗ ਹੈ ਕਿ ਅੰਤਰਰਾਸ਼ਟਰੀ ਯੋਗ ਦਿਵਸ ਹਰ ਸਾਲ 21 ਜੂਨ ਨੂੰ ਹੀ ਕਿਉਂ ਮਨਾਇਆ ਜਾਂਦਾ ਹੈ । ਇਸ ਕਾਰਨ ਇਹ ਹੈ ਕਿ 21 ਜੂਨ ਸਾਲ ਦਾ ਸਭ ਤੋਂ ਲੰਬਾ ਦਿਨ ਮੰਨਿਆ ਜਾਂਦਾ ਹੈ ਜਿਸ ਨੂੰ ਗਰਮੀਆਂ ਦਾ ਸੰਕ੍ਰਮਣ ਵੀ ਕਿਹਾ ਜਾਂਦਾ ਹੈ । ਇਹ ਦਿਨ ਉੱਤਰੀ ਗੋਲਿਸਫਾਇਰ ਵਿੱਚ ਸਭ ਤੋਂ ਲੰਬਾ ਦਿਨ ਹੈ । ਇਸ ਦਿਨ ਨੂੰ ਯੋਗ ਅਤੇ ਅਧਿਆਤਮਿਕਤਾ ਲਈ ਬਹੁਤ ਖਾਸ ਮੰਨਿਆ ਜਾਂਦਾ ਹੈ । ਇਸੇ ਕਾਰਨ ਹੀ 21 ਜੂਨ ਨੂੰ ਇਹ ਯੋਗ ਦਿਵਸ ਮਨਾਉਣ ਦਾ ਫੈਸਲਾ ਕੀਤਾ ਗਿਆ ਸੀ । ਅਜੋਕੇ ਭਾਰਤ ਦੇ ਇਤਿਹਾਸ ਵਿੱਚ ਅੰਤਰਰਾਸ਼ਟਰੀ ਯੋਗਾ ਦਿਵਸ ਦੀ ਸ਼ੁਰੂਆਤ 2015 ਵਿੱਚ ਉਦੋਂ ਦੇ ਪ੍ਰਧਾਨ ਨਰਿੰਦਰ ਮੋਦੀ ਜੀ ਨੇ ਸਯੁੰਕਤ ਰਾਸ਼ਟਰ ਮਹਾਂ ਸਭਾ ਵਿੱਚ ਪ੍ਰਸਤਾਵ ਰੱਖਣ ਦੇ ਨਾਲ ਕੀਤੀ ਸੀ ਜਿਸ ਤੋਂ ਬਾਅਦ ਭਾਰਤ ਵਿੱਚ ਇਹ ਦਿਨ ਪੱਕਾ ਹੋ ਗਿਆ । ਇਸ ਯੋਗ ਦਿਵਸ ਦਾ ਆਯੋਜਨ ਹਰ ਸਾਲ ਕਿਸੇ ਖਾਸ ਥੀਮ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਤਾ ਜਾਂਦਾ ਹੈ ਜਿਵੇਂ ਕਿ 1924 ਵਿੱਚ ਅੰਤਰਰਾਸ਼ਟਰੀ ਯੋਗ ਦਿਵਸ ਥੀਮ ਲਈ ਔਰਤਾਂ ਨੂੰ ਚੁਣਿਆ ਗਿਆ ਸੀ, ਮਹਿਲਾ ਸ਼ਕਤੀਕਰਨ ਦੇ ਮਕਸਦ ਨੂੰ ਲੈ ਕੇ । ਪੁਰਾਣੇ ਜਮਾਨੇ ਵਿੱਚ ਤਾਂ ਮਰਦ ਔਰਤਾਂ ਘਰੇਲੂ ਕੰਮ ਕਰਦੀਆਂ ਸਨ ਜਿਸ ਨਾਲ ਉਨ੍ਹਾਂ ਦੀ ਕਸਰਤ ਹੁੰਦੀ ਰਹਿੰਦੀ ਸੀ ਜਿਵੇਂ ਕਿ ਮਰਦ ਸਾਈਕਲ ਚਲਾਉਂਦੇ ਸਨ, ਖੇਤਾਂ ਵਿੱਚ ਕੰਮ ਕਰਦੇ ਸਨ ਆਦਿ ਜਿਸ ਵਿੱਚ ਕਈ ਅੱਜ ਦੇ ਆਸਣ ਛੁਪੇ ਹੋਏ ਸਨ ਪਰ ਅੱਜ ਇੰਨ੍ਹਾਂ ਵਿਹਲੇ ਮਰਦ, ਔਰਤਾਂ ਦੀ ਲੋੜ ਯੋਗ ਆਸਣਾਂ ਰਾਹੀਂ ਪੂਰੀ ਕੀਤੀ ਜਾਂਦੀ ਹੈ ਜਿਵੇਂ ਕਿ ਚੱਕੀ ਆਸਣ ਜੋ ਪੁਰਾਣੇ ਜਮਾਨੇ ਵਿੱਚ ਔਰਤਾਂ ਘਰ ਵਿੱਚ ਲੱਗੀ ਚੱਕੀ ਚਲਾ ਕੇ ਦਾਲ ਜਾਂ ਮਸਾਲਾ ਪੀਸਦੀਆਂ ਸਨ, ਪੈਰਾਂ ਭਾਰ ਬੈਠ ਕੇ ਝਾੜੂ ਲਾਉਣਾ, ਕੱਪੜੇ ਧੋਣਾ ਆਦਿ ਜਿਸ ਨਾਲ ਗੋਡਿਆਂ, ਕਮਰ, ਦੀਆਂ ਮਾਸਪੇਸ਼ੀਆਂ ਦੀ ਵਰਜਿਸ ਹੁੰਦੀ ਰਹਿੰਦੀ ਸੀ ਪਰ ਅੱਜ ਇਸ ਦੀ ਜਗ੍ਹਾਂ ਮਸ਼ੀਨਾਂ ਨੇ ਲੈ ਲਈ ਹੈ ।




ਯੋਗ ਸਿਰਫ ਸਰੀਰ ਨੂੰ ਹੀ ਨਹੀਂ ਸਗੋਂ ਦਿਮਾਗੀ ਅਤੇ ਮਾਨਸਿਕ ਤੌਰ ਤੇ ਵੀ ਅੰਦਰੂਨੀ ਬਿਮਾਰੀਆਂ ਤੋਂ ਬਚਾਉਂਦਾ ਹੈ । ਯੋਗ ਸਾਡੇ ਸਰੀਰ, ਮਾਸਪੇਸ਼ੀਆਂ ਨੂੰ , ਦਿਮਾਗ ਨੂੰ ਤੇ ਸੋਚ ਨੂੰ ਵੀ ਲਚਕੀਲਾ ਬਣਾਉਦਾ ਹੈ । ਯੋਗ ਸਾਨੂੰ ਅੰਦਰੂਨੀ ਸ਼ਾਂਤੀ ਵੀ ਦਿੰਦਾ ਹੈ ਪਰ ਯੋਗ ਕਰਨ ਦੇ ਨਾਲ ਨਾਲ ਸਾਨੂੰ ਆਪਣੇ ਖਾਣ—ਪੀਣ ਵੱਲ ਵੀ ਧਿਆਨ ਦੇਣਾ ਜ਼ਰੂਰੀ ਹੈ ਜਿਵੇਂ ਕਿ ਪੌਸ਼ਟਿਕ ਭੋਜਨ ਖਾਣਾ ਅਤੇ ਬਜ਼ਾਰ ਦੀਆਂ ਸਿਰਫ ਸੁਆਦਿਸ਼ਟ ਅਤੇ ਗੈਰ ਪੌਸ਼ਿਟ ਖਾਣ ਪੀਣ ਤੋਂ ਪ੍ਰਹੇਜ ਕਰਨਾ । ਯੋਗਾ ਤੋਂ ਮੈਡੀਟੇਸ਼ਨ ਤੱਕ ਦੀ ਜੇ ਆਖਰੀ ਸਟੇਜ ਹੈ ਉਹ ਸਰੀਰ ਦੀਆਂ 90# ਬਿਮਾਰੀਆਂ ਨੂੰ ਠੀਕ ਕਰ ਸਕਦੀ ਹੈ ਪਰ ਸਾਡਾ ਬੈਠਣ ਦਾ ਤਰੀਕਾ ਸਹੀ ਹੋਣਾ ਚਾਹੀਦਾ ਹੈ ਜਿਵੇਂ ਕਿ ਕਮਰ ਸਿੱਧੀ ਹੋਣੀ ਚਾਹੀਦੀ ਹੈ ਨਾ ਕਿ ਢੋਅ ਲਗਾ ਕੇ ਮੈਡੀਟੇਸ਼ਨ ਕੀਤੀ ਜਾਵੇ । ਯੋਗ ਕਰਨ ਦੇ ਨਾਲ ਨਾਲ ਵਾਤਾਵਰਣ ਵੀ ਸ਼ੁੱਧ ਹੋਣਾ ਜਰੂਰੀ ਹੈ ਤਾਂ ਕਿ ਉਥੇ ਸਾਹ ਲੈਣ ਲਈ ਸ਼ੁੱਧ ਹਵਾ ਮਿਲੇ । ਇਸੇ ਕਰਕੇ ਹੀ ਅੱਜ ਕੱਲ ਪੰਜਾਬ ਸਰਕਾਰ ਵੱਲੋ ਵੱਖ ਵੱਖ ਪਾਰਕਾਂ ਅਤੇ ਹੋਰ ਸਾਂਝੀਆਂ ਖੁੱਲੀਆਂ ਹਵਾਦਾਰ ਥਾਂਵਾਂ ਉੱਤੇ ਯੋਗ ਕੈਂਪ ਲਾਏ ਜਾ ਰਹੇ ਹਨ ਜਿਸ ਦੇ ਲਈ ਟ੍ਰੇਨਰ ਵੀ ਰੱਖੇ ਹੋਏ ਹਨ । ਇਵੇਂ ਹੀ ਚੰਡੀਗੜ੍ਹ ਪ੍ਰਸ਼ਾਸ਼ਨ ਵੱਲੋਂ ਵੀ ਅੱਜ 140 ਥਾਂਵਾਂ ਉੱਤੇ ਇਹ ਅੰਤਰਰਾਸ਼ਟਰੀ ਯੋਗ ਦਿਵਸ 21 ਜੂਨ ਨੂੰ ਮਨਾਇਆ ਜਾ ਰਿਹਾ ਹੈ ।

ਇਸ ਦੇ ਨਾਲ ਹੀ ਕੁੱਝ ਸਮਾਜ ਸੇਵੀ ਸੁਸਾਇਟੀਆਂ ਵੀ ਮੋਹਾਲੀ ਅਤੇ ਚੰਡੀਗੜ੍ਹ ਵਿੱਚ ਆਪਣੇ ਤੌਰ ਤੇ ਇਸ ਯੋਗਾ ਦਿਵਸ ਨੂੰ ਮਨਾ ਰਹੀਆਂ ਹਨ, ਜਿੰਨ੍ਹਾਂ ਵਿੱਚ ਇੱਕ ਨਾਮਵਰ ਸਮਾਜ ਸੇਵੀ ਐਨ.ਜੀ.ਓ. ਜਿਸ ਦਾ ਨਾਮ ਐਚ. ਹਾਊਸਿਸ ਪਾਰਕ ਵੈਲਫੇਅਰ ਸੁਸਾਇਟੀ ਫੇਜ—1 ਮੋਹਾਲੀ ਹੈ ਉਹ ਵੀ ਇੱਥੇ ਦੇ ਸਪੈਸਲ ਪਾਰਕ ਵਿੱਚ ਇਹ ਯੋਗ ਦਿਹਾੜਾ ਬੜੀ ਵਧੀਆਂ ਤਰੀਕੇ ਨਾਲ ਮਨਾ ਰਹੇ ਹਨ । ਇਸ ਸੁਸਾਇਟੀ ਦਾ ਯੋਗਦਾਨ ਵੀ ਜ਼ਿਕਰਯੋਗ ਹੈ ਜਿਵੇਂ ਕਿ ਇਸ ਪਾਰਕ ਦੀ ਹਾਲਤ ਪਹਿਲਾਂ ਬਹੁਤੀ ਚੰਗੀ ਨਹੀਂ ਸੀ ਪਰ ਇਸ ਸੁਸਾਇਟੀ ਨੇ ਇਸ ਨੂੰ ਆਪਣੀ ਮਿਹਨਤ ਨਾਲ ਸਵਾਰਿਆ, ਫੁੱਲ ਬੂਟੇ ਲਗਾਏ, ਸਫਾਈ ਕਰਵਾਈ, ਬੈਂਚਾਂ ਅਤੇ ਟਰੈਕਾਂ ਆਦਿ ਨੂੰ ਪੇਂਟ ਕਰਵਾਇਆ, ਲੋਕਾਂ ਦੇ ਖੇਡਣ ਲਈ ਬੈਡਮਿੰਟਨ ਦੇ ਨੈਟ ਲਗਵਾਏ ਜਿਸ ਸਭ ਨਾਲ ਇਸ ਪਾਰਕ ਦੀ ਦਿਖ ਬਦਲ ਕੇ ਇੰਨੀ ਸੋਹਣੀ ਬਣ ਗਈ, ਜਿਸ ਨੂੰ ਵੇਖ ਤੇ ਖੁਸ਼ ਹੋ ਕੇ ਮੋਹਾਲੀ ਕਾਰਪੋਰੇਸ਼ਨ ਵੱਲੋਂ ਇਹ ਪਾਰਕ ਇਸ ਐਨ.ਜੀ.ਓ. ਦੇ ਸਪੁਰਦਕ ਕਰ ਦਿੱਤਾ ਹੈ ਜਿਸ ਨਾਲ ਐਨ.ਜੀ.ਓ. ਮੈਂਬਰਾਂ ਨੇ ਉਤਸਾਹ ਵਜੋਂ ਇਸ ਪਾਰਕ ਵਿੱਚ ਆਪਣੇ ਖਰਚੇ ਤੇ ਯੋਗਾ ਟ੍ਰੇਨਰ ਦਾ ਪ੍ਰਬੰਧ ਕਰਕੇ ਯੋਗਾ ਕਲਾਸਾਂ ਸ਼ੁਰੂ ਕਰ ਦਿੱਤੀਆਂ ਅਤੇ ਹੁਣ 21 ਜੂਨ ਨੂੰ ਯੋਗਾ ਦਿਵਸ ਬੜੇ ਵਧੀਆ ਤਰੀਕੇ ਮਨਾ ਰਹੇ ਹਨ ਜੋ ਸਾਡੇ ਸਮਾਜ ਲਈ ਇੱਕ ਮਿਸਾਲ ਹੈ । ਇਵੇਂ ਹੀ ਅੱਜ ਇਸ ਯੋਗਾ ਦਿਵਸ ਮੌਕੇ ਪੀ.ਜੀ.ਆਈ. ਦੇ 3000 ਡਾਕਟਰ ਅਤੇ ਹੈਲਥ ਕੇਅਰ ਵਰਕਰ ਯੋਗ ਕਰਕੇ ਇਸ ਦਿਨ ਨੂੰ ਮਨਾ ਰਹੇ ਹਨ । ਪਿਛਲੇ ਸਾਲ 2024 ਵਿੱਚ ਇੰਨ੍ਹਾਂ ਡਾਕਟਰਾਂ ਤੇ ਹੈਲਥ ਵਰਕਰਾਂ ਨੇ ਇੱਕਠੇ ਯੋਗ ਕਰਕੇ ਆਸ਼ਾ ਬੁੱਕ ਆਫ ਵਰਲਡ ਰਿਕਾਰਡ ਵਿੱਚ ਆਪਣਾ ਨਾਮ ਦਰਜ ਕਰਵਾਇਆ ਸੀ । ਇਹ ਵਿਸ਼ੇਸ਼ ਜ਼ਿਕਰਯੋਗ ਹੈ ਕਿ ਪੀ.ਜੀ. ਆਈ 2 ਡਾਕਟਰ ਯੋਗ ਵਿੱਚ ਐਮ.ਡੀ. ਕਰ ਚੁੱਕੇ ਹਨ ਅਤੇ 4 ਕਰ ਰਹੇ ਹਨ ਅਤੇ ਇੱਕ ਨੇ ਡੀ.ਐਮ. ਕੀਤੀ ਹੈ । ਯੋਗ ਆਸਣ ਦੇ ਫਾਇਦਿਆਂ ਦੇ ਬਾਰੇ ਅਨੈਥੀਸੀਆ ਵਿੱਚ ਐਮ.ਡੀ. ਦੇ ਨਾਲ ਹੀ ਯੋਗ ਉੱਤੇ ਰਿਸਰਚ ਕਰਨ ਵਾਲੀ ਡਾਕਟਰ ਹਾਸ਼ਿਤਾ ਸੂਦ ਨੇ ਦੱਸਿਆ ਕਿ ਬੈਕ ਪੇਨ ਦੇ ਮਰੀਜਾਂ ਨੂੰ ਅਸੀਂ ਯੋਗ ਕਰਵਾਇਆ ਤਾਂ ਉਨ੍ਹਾਂ ਦੇ ਸਰੀਰ ਵਿੱਚ ਫਲੈਕੀਸੀਬਿਲਟੀ ਵੱਧੀ ਅਤੇ ਫਿਰ 21 ਅਸਾਨਾਂ ਦਾ ਸ਼ੇਸਲ ਐਂਟੀ ਕਰੇਟੀਡ ਯੋਗ ਥੇਰੀਪੀ ਸ਼ਡਿਊਲ ਬਣਾਇਆ ਗਿਆ ਹੈ । 3 ਮਹੀਨੇ ਬਾਅਦ ਕੇਅਰ ਬੈਕ ਪੇਨ ਦੇ 30 ਮਰੀਜਾਂ ਨੂੰ ਫਿਜੀਓਥੈਰੇਪੀ ਰਾਹੀਂ ਯੋਗ ਆਸਣ ਕਰਾਵੇ ਗਏ ਜਿਸ ਨਾਲ ਮਰੀਜਾਂ ਦੇ ਸਰੀਰ ਦੀ ਫਲੈਕਸੀਬਿਲਟੀ ਜ਼ਿਆਦਾ ਹੋਈ । ਇੰਨ੍ਹਾਂ ਡਾਕਟਰਾਂ ਦਾ ਕਹਿਣਾ ਹੈ ਕਿ ਫੈਟੀ ਲੀਵਰ ਦੀ ਬਿਮਾਰੀ ਨੂੰ ਵੀ ਇਹ ਯੋਗਾ ਆਸਣ ਘੱਟ ਕਰਦੇ ਹਨ । ਸੋ ਇਸੇ ਤਰ੍ਹਾਂ ਵੱਖ ਵੱਖ ਡਾਕਟਰਾਂ ਅਤੇ ਯੋਗ ਮਾਹਿਰਾਂ ਵੱਲੋਂ ਜੋ ਯੋਗਾ ਦੇ ਲਾਭ ਆਪਣੀ ਖੋਜ ਰਾਹੀਂ ਅੱਜ ਦੱਸੇ ਜਾ ਰਹੇ ਹਨ ਜਿਸ ਤੇ ਅਮਲ ਕਰਦੇ ਹੋਏ ਇਹ ਅੰਤਰਰਾਸ਼ਟਰੀ ਯੋਗਾ ਦਿਵਸ ਸਾਨੂੰ ਵੱਧ ਚੜ੍ਹ ਕੇ ਮਨਾਉਣਾ ਚਾਹੀਦਾ ਹੈ ਅਤੇ ਅੱਗੇ ਤੋਂ ਵੀ ਇਸ ਯੋਗ ਦੇ ਆਸਣਾਂ ਨੂੰ ਅਪਣਾ ਕੇ ਆਪਣੀ ਜੀਵਨ ਸ਼ੈਲੀ ਨੂੰ ਸੁਚਾਰੂ ਬਣਾਉਣਾ ਚਾਹੀਦਾ ਹੈ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 19 ਜੂਨ
INTERNATIONAL PAPER, 9463601616
hardipchumber57@gmail.com

# " ਆਪਣੇ ਰਾਹਾਂ ਦੇ ਰਾਹੀ ਖੁਦ ਬਣੋ: ਦੂਜਿਆਂ ਦੀ ਸਲਾਹ ਅਤੇ ਸੋਸ਼ਲ ਮੀਡੀਆ ਦੀ ਚਕਾਚੌਂਧ ਤੋਂ ਪਰੇ "

ਪਵਨ ਕੁਮਾਰ ਖਿੱਚੀ, ਮਾਨਸਾ
ਮੋਬ. 9478160786



ਅੱਜ ਦੇ ਡਿਜੀਟਲ ਯੁੱਗ ਵਿੱਚ, ਜਿੱਥੇ ਸੂਚਨਾ ਸਾਡੀਆਂ ਉਂਗਲਾਂ 'ਤੇ ਹੈ, ਉੱਥੇ ਇੱਕ ਅਜੀਬ ਜਿਹੀ ਪ੍ਰਵਿਰਤੀ ਵੇਖਣ ਨੂੰ ਮਿਲ ਰਹੀ ਹੈ, ਅਸੀਂ ਆਪਣੇ ਫੈਸਲੇ ਖੁਦ ਲੈਣ ਦੀ ਬਜਾਏ ਦੂਜਿਆਂ 'ਤੇ ਨਿਰਭਰ ਹੁੰਦੇ ਜਾ ਰਹੇ ਹਾਂ। ਇਹ ਨਿਰਭਰਤਾ ਛੋਟੀਆਂ-ਛੋਟੀਆਂ ਗੱਲਾਂ ਤੋਂ ਸ਼ੁਰੂ ਹੋ ਕੇ ਜ਼ਿੰਦਗੀ ਦੇ ਵੱਡੇ ਫੈਸਲਿਆਂ ਤੱਕ ਪਹੁੰਚ ਗਈ ਹੈ। "ਮੈਂ ਕਿਹੜੇ ਕੱਪੜੇ ਪਾਵਾਂ?" ਤੋਂ ਲੈ ਕੇ "ਮੈਂ ਕਿਹੜਾ ਕਾਰੋਬਾਰ ਕਰਾਂ?" ਤੱਕ, ਹਰ ਸਵਾਲ ਦਾ ਜਵਾਬ ਅਸੀਂ ਦੂਜਿਆਂ ਕੋਲੋਂ ਲੱਭਦੇ ਹਾਂ। ਅਸੀਂ ਆਪਣੀ ਜ਼ਿੰਦਗੀ ਦੀ ਗੱਡੀ ਦਾ ਸਟੇਅਰਿੰਗ ਕਿਸੇ ਹੋਰ ਦੇ ਹੱਥ ਫੜਾ ਕੇ ਆਪ ਸਿਰਫ਼ ਇੱਕ ਸਵਾਰੀ ਬਣ ਕੇ ਰਹਿ ਗਏ ਹਾਂ।

ਸਲਾਹ ਅਤੇ ਆਤਮ-ਵਿਸ਼ਵਾਸ ਦੀ ਕਮੀ

ਇਹ ਸੱਚ ਹੈ ਕਿ ਸਲਾਹ ਲੈਣਾ ਬੁਰੀ ਗੱਲ ਨਹੀਂ, ਜਦੋਂ ਹਰ ਫੈਸਲੇ ਲਈ ਸਲਾਹ ਦੀ ਲੋੜ ਪਵੇ, ਤਾਂ ਇਹ ਸਾਡੇ ਆਤਮ-ਵਿਸ਼ਵਾਸ ਦੀ ਕਮੀ ਨੂੰ ਦਰਸਾਉਂਦਾ ਹੈ। ਅਸੀਂ ਇਸ ਡਰ ਵਿੱਚ ਜਿਉਂਦੇ ਹਾਂ ਕਿ ਕਿਤੇ ਸਾਡਾ ਫੈਸਲਾ ਗਲਤ ਨਾ ਹੋ ਜਾਵੇ, ਇਸ ਲਈ ਅਸੀਂ ਦੂਜਿਆਂ ਦੀ ਪ੍ਰਵਾਨਗੀ ਦੀ ਮੋਹਰ ਚਾਹੁੰਦੇ ਹਾਂ। ਸੋਚਣ ਵਾਲੀ ਗੱਲ ਇਹ ਹੈ ਕਿ ਜਿਸ ਕੋਲੋਂ ਅਸੀਂ ਸਲਾਹ ਲੈ ਰਹੇ ਹਾਂ, ਕੀ ਉਹ ਸਾਡੇ ਹਾਲਾਤ, ਸਾਡੀ ਸੋਚ ਅਤੇ ਸਾਡੀਆਂ ਸਮਰੱਥਾਵਾਂ ਨੂੰ ਸਾਡੇ ਤੋਂ ਬਿਹਤਰ ਜਾਣਦਾ ਹੈ? ਜਵਾਬ ਹੈ, ਬਿਲਕੁਲ ਨਹੀਂ।

ਅੱਜ ਸਾਡੇ ਕੋਲ ਗੂਗਲ ਅਤੇ ਯੂਟਿਊਬ ਵਰਗੇ ਸਾਧਨ ਹਨ, ਜੋ ਗਿਆਨ ਦੇ ਭੰਡਾਰ ਹਨ। ਜੇਕਰ ਕੋਈ ਕੋਰਸ ਕਰਨਾ ਹੈ, ਮੋਬਾਈਲ ਖਰੀਦਣਾ ਹੈ ਜਾਂ ਕੋਈ ਕਾਰੋਬਾਰ ਸ਼ੁਰੂ ਕਰਨਾ ਹੈ, ਤਾਂ ਉਸ ਬਾਰੇ ਖੋਜ ਕਰੋ। ਵੱਖ-ਵੱਖ ਪਹਿਲੂਆਂ ਨੂੰ ਸਮਝੋ, ਲਾਭ-ਹਾਨੀਆਂ ਦਾ ਵਿਸ਼ਲੇਸ਼ਣ ਕਰੋ ਅਤੇ ਫਿਰ ਆਪਣੀ ਸਮਝ ਅਨੁਸਾਰ ਫੈਸਲਾ ਲਵੋ। ਦੂਜਿਆਂ ਦੇ ਤਜਰਬਿਆਂ ਤੋਂ ਸਿੱਖੋ, ਪਰ ਉਨ੍ਹਾਂ ਦੀ ਨਕਲ ਨਾ ਕਰੋ।




ਸੋਸ਼ਲ ਮੀਡੀਆ ਦਾ ਦਿਖਾਵਾ ਅਤੇ "ਨਜ਼ਰ" ਦਾ ਡਰ

ਇਸ ਮਸਲੇ ਦਾ ਦੂਜਾ ਪਹਿਲੂ ਸੋਸ਼ਲ ਮੀਡੀਆ 'ਤੇ ਦਿਖਾਵੇ ਦੀ ਹੋੜ ਹੈ। ਅਸੀਂ ਆਪਣੀ ਜ਼ਿੰਦਗੀ ਦਾ ਹਰ ਪਲ, ਹਰ ਖੁਸ਼ੀ ਅਤੇ ਹਰ ਪ੍ਰਾਪਤੀ ਨੂੰ ਦੁਨੀਆ ਸਾਹਮਣੇ ਪ੍ਰਦਰਸ਼ਿਤ ਕਰਨ ਲਈ ਬੇਤਾਬ ਰਹਿੰਦੇ ਹਾਂ। ਨਵੀਂ ਗੱਡੀ, ਨਵਾਂ ਫੋਨ, ਨਵਾਂ ਘਰ ਜਾਂ ਕਿਸੇ ਰੈਸਟੋਰੈਂਟ ਵਿੱਚ ਖਾਣਾ ਖਾਣ ਦੀਆਂ ਤਸਵੀਰਾਂ ਪਾ ਕੇ ਅਸੀਂ ਸ਼ਾਇਦ ਕੁਝ ਪਲਾਂ ਦੀ ਤਾਰੀਫ਼ ਤਾਂ ਖੱਟ ਲੈਂਦੇ ਹਾਂ, ਪਰ ਇਸ ਦੇ ਨੁਕਸਾਨ ਬਹੁਤ ਡੂੰਘੇ ਹਨ।

1. ਨਜ਼ਰ ਲੱਗਣਾ: ਇਹ ਸਿਰਫ਼ ਇੱਕ ਵਹਿਮ ਨਹੀਂ, ਬਲਕਿ ਇੱਕ ਮਨੋਵਿਗਿਆਨਕ ਸੱਚਾਈ ਹੈ। ਜਦੋਂ ਅਸੀਂ ਆਪਣੀਆਂ ਖੁਸ਼ੀਆਂ ਦਾ ਵਾਰ-ਵਾਰ ਪ੍ਰਦਰਸ਼ਨ ਕਰਦੇ ਹਾਂ, ਤਾਂ ਅਸੀਂ ਅਣਜਾਣੇ ਵਿੱਚ ਹੀ ਦੂਜਿਆਂ ਦੇ ਮਨ ਵਿੱਚ ਈਰਖਾ ਅਤੇ ਤੁਲਨਾ ਦੀ ਭਾਵਨਾ ਪੈਦਾ ਕਰਦੇ ਹਾਂ। ਇਹੀ ਨਕਾਰਾਤਮਕ ਊਰਜਾ ਸਾਡੀ ਖੁਸ਼ੀ ਨੂੰ "ਨਜ਼ਰ" ਲਗਾ ਦਿੰਦੀ ਹੈ, ਜਿਸ ਨਾਲ ਬਣਦੇ ਕੰਮ ਵੀ ਵਿਗੜਨ ਲੱਗਦੇ ਹਨ ਅਤੇ ਮਨ ਵਿੱਚ ਬੇਚੈਨੀ ਰਹਿਣ ਲੱਗਦੀ ਹੈ।

2. ਸੁਰੱਖਿਆ ਦਾ ਖ਼ਤਰਾ: ਆਪਣੀ ਹਰ ਗਤੀਵਿਧੀ (Live Location) ਨੂੰ ਸੋਸ਼ਲ ਮੀਡੀਆ 'ਤੇ ਸਾਂਝਾ ਕਰਨਾ ਸੁਰੱਖਿਆ ਦੇ ਲਿਹਾਜ਼ ਨਾਲ ਬੇਹੱਦ ਖ਼ਤਰਨਾਕ ਹੋ ਸਕਦਾ ਹੈ। ਇਹ ਗਲਤ ਅਨਸਰਾਂ ਨੂੰ ਤੁਹਾਡੇ ਬਾਰੇ ਜਾਣਕਾਰੀ ਇਕੱਠੀ ਕਰਨ ਦਾ ਮੌਕਾ ਦਿੰਦਾ ਹੈ।

3. ਮਾਨਸਿਕ ਦਬਾਅ: ਲਾਈਕਸ ਅਤੇ ਕੁਮੈਂਟਸ ਦੀ ਗਿਣਤੀ ਸਾਡੀ ਖੁਸ਼ੀ ਦਾ ਪੈਮਾਨਾ ਬਣ ਜਾਂਦੀ ਹੈ। ਜੇਕਰ ਉਮੀਦ ਮੁਤਾਬਕ ਹੁੰਗਾਰਾ ਨਾ ਮਿਲੇ, ਤਾਂ ਅਸੀਂ ਨਿਰਾਸ਼ ਅਤੇ ਬੇਚੈਨ ਹੋ ਜਾਂਦੇ ਹਾਂ।

ਗੁਪਤਤਾ ਵਿੱਚ ਹੀ ਸ਼ਕਤੀ ਹੈ

ਕਿਸੇ ਸਿਆਣੇ ਨੇ ਕਿਹਾ ਹੈ ਕਿ "ਆਪਣੇ ਅਗਲੇ ਕਦਮ ਬਾਰੇ ਉਦੋਂ ਤੱਕ ਕਿਸੇ ਨੂੰ ਨਾ ਦੱਸੋ, ਜਦੋਂ ਤੱਕ ਤੁਸੀਂ ਉਹ ਚੁੱਕ ਨਾ ਲਵੋ।" ਆਪਣੀਆਂ ਯੋਜਨਾਵਾਂ, ਆਪਣੇ ਟੀਚਿਆਂ ਅਤੇ ਆਪਣੀਆਂ ਪ੍ਰਾਪਤੀਆਂ ਨੂੰ ਗੁਪਤ ਰੱਖਣ ਦੇ ਬਹੁਤ ਫਾਇਦੇ ਹਨ

- ਊਰਜਾ ਦੀ ਬੱਚਤ: ਜਦੋਂ ਤੁਸੀਂ ਆਪਣੀਆਂ ਯੋਜਨਾਵਾਂ ਬਾਰੇ ਘੱਟ ਗੱਲ ਕਰਦੇ ਹੋ, ਤਾਂ ਤੁਹਾਡੀ ਸਾਰੀ ਊਰਜਾ ਉਸ ਕੰਮ ਨੂੰ ਪੂਰਾ ਕਰਨ ਵਿੱਚ ਲੱਗਦੀ ਹੈ।
- ਨਕਾਰਾਤਮਕਤਾ ਤੋਂ ਬਚਾਅ: ਲੋਕਾਂ ਦੇ ਸ਼ੱਕ, ਡਰ ਅਤੇ ਤਾਅਨੇ ਤੁਹਾਡੇ ਹੌਂਸਲੇ ਨੂੰ ਤੋੜ ਸਕਦੇ ਹਨ। ਗੁਪਤਤਾ ਤੁਹਾਨੂੰ ਇਸ ਸਭ ਤੋਂ ਬਚਾਉਂਦੀ ਹੈ।
- ਸਫਲਤਾ ਦਾ ਆਨੰਦ: ਜਦੋਂ ਤੁਸੀਂ ਚੁੱਪ-ਚਾਪ ਮਿਹਨਤ ਕਰਕੇ ਸਫਲ ਹੁੰਦੇ ਹੋ, ਤਾਂ ਉਸਦਾ ਆਨੰਦ ਅਤੇ ਪ੍ਰਭਾਵ ਦੁੱਗਣਾ ਹੁੰਦਾ ਹੈ। ਤੁਹਾਡੀ ਸਫਲਤਾ ਖੁਦ ਬੋਲਦੀ ਹੈ।

ਆਓ, ਆਪਣੀ ਜ਼ਿੰਦਗੀ ਦਾ ਕੰਟਰੋਲ ਆਪਣੇ ਹੱਥਾਂ ਵਿੱਚ ਲਈਏ। ਦੂਜਿਆਂ ਤੋਂ ਸਲਾਹ ਜ਼ਰੂਰ ਲਈਏ, ਅੰਤਿਮ ਫੈਸਲਾ ਆਪਣੀ ਖੋਜ, ਆਪਣੀ ਸੂਝ-ਬੂਝ ਅਤੇ ਆਪਣੇ ਦਿਲ ਦੀ ਆਵਾਜ਼ 'ਤੇ ਛੱਡ ਦੇਈਏ। ਆਪਣੀ ਹਰ ਛੋਟੀ-ਵੱਡੀ ਖੁਸ਼ੀ ਨੂੰ ਦੁਨੀਆ ਅੱਗੇ ਪਰੋਸਣ ਦੀ ਬਜਾਏ, ਉਸ ਨੂੰ ਆਪਣੇ ਪਰਿਵਾਰ ਅਤੇ ਕਰੀਬੀ ਦੋਸਤਾਂ ਨਾਲ ਮਾਣੀਏ। ਯਾਦ ਰੱਖੋ, ਜਿਹੜੀਆਂ ਚੀਜ਼ਾਂ ਦਿਲ ਦੇ ਨੇੜੇ ਹੁੰਦੀਆਂ ਹਨ, ਉਨ੍ਹਾਂ ਨੂੰ ਪਰਦੇ ਵਿੱਚ ਰੱਖਣਾ ਹੀ ਬਿਹਤਰ ਹੁੰਦਾ ਹੈ। ਆਪਣੀ ਜ਼ਿੰਦਗੀ ਦੀ ਕਹਾਣੀ ਦੇ ਲੇਖਕ ਖੁਦ ਬਣੋ, ਕਿਸੇ ਹੋਰ ਦੇ ਲਿਖੇ ਪਾਤਰ ਨਹੀਂ।

# ਐੱਸ ਸੀ/ਬੀ ਸੀ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ (ਰਜਿ) ਖੰਨਾ ਡਿਵੀਜਨ ਦੀ ਮੀਟਿੰਗ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 9463601616
hardipchumber57@gmail.com



ਪ੍ਰੈਸ ਨੂੰ ਜਾਣਕਾਰੀ ਦਿੰਦਿਆ ਹਰਜਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਐਸ ਸੀ/ ਬੀ ਸੀ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ ਪਾਵਰਕਾਮ ਪੰਜਾਬ ਨੇ ਦੱਸਿਆ ਕਿ ਅੱਜ ਡਿਵੀਜਨ ਖੰਨਾ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸਾਥੀ ਹਰਮੇਸ਼ ਸਿੰਘ ਦੀ ਅਗਵਾਈ ਹੇਠ,ਸਰਦਾਰ ਅਵਤਾਰ ਸਿੰਘ ਕੈਂਥ ਪੰਜਾਬ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ ਵਿੱਚ ਕੀਤੀ ਗਈ। ਮੈਂਬਰ ਸਾਥੀਆਂ ਨੇ ਆਪਣੀਆ ਮੁਸ਼ਕਿਲਾਂ ਸਾਂਝੀਆ ਕੀਤੀਆ। ਜਥੇਬੰਦੀ ਨੂੰ ਮਜਬੂਤ ਕਰਨ ਲਈ ਅਹਿਮ ਯੋਗਦਾਨ ਪਾ ਕੇ ਮੈਂਬਰਸ਼ਿਪ ਵਧਾਉਣ ਦਾ ਅਹਿਦ ਲਿਆ। ਹੇਠਲੇ ਪੱਧਰ ਤੇ ਹੁੰਦੀਆ ਵਧੀਕੀਆ ਖਿਲਾਫ ਸੰਘਰਸ਼ ਦਾ ਐਲਾਨ ਕੀਤਾ।ਬੁਲਾਰੇ ਸਾਥੀਆਂ ਨੇ ਅਫਸਰਸ਼ਾਹੀ ਨੂੰ ਚਿਤਾਵਨੀ ਦਿੰਦਿਆ ਆਖਿਆ ਜੇਕਰ ਅਫਸਰਸ਼ਾਹੀ ਨੇ ਵਧੀਕੀਆ ਬੰਦ ਨਾ ਕੀਤੀਆ ਤਾਂ ਜਥੇਬੰਦਕ ਸੰਘਰਸ਼ ਕਰਨ ਲਈ ਮਜਬੂਰ ਹੋਵੇਗੀ। ਸਾਰੇ ਸਾਥੀਆ ਨੇ ਸਰਦਾਰ ਅਵਤਾਰ ਸਿੰਘ ਕੈਂਥ ਜੀ ਦਾ ਦਿਲ ਦੀਆ ਗਹਿਰਾਈਆਂ ਤੋਂ ਧੰਨਵਾਦ ਕੀਤਾ। ਮੀਟਿੰਗ ਵਿੱਚ ਸਰਵ ਸ੍ਰੀ ਹਰਮੇਸ਼ ਸਿੰਘ, ਸੰਜੀਵ ਕੁਮਾਰ, ਹਰਦੀਪ ਸਿੰਘ, ਅਰਸ਼ਦੀਪ ਕੌਰ, ਮਨਪ੍ਰੀਤ ਕੌਰ, ਜਿਓਤੀ ਰਾਣੀ, ਰੁਪਿੰਦਰ ਕੌਰ, ਹਰਪ੍ਰੀਤ ਸਿੰਘ, ਗੁਰਦੀਪ ਸਿੰਘ ਵਗੈਰਾ ਹਾਜਰ ਸਨ। ਹਰਜਿੰਦਰ ਸਿੰਘ ਸੀਨੀਅਰ ਮੀਤ ਪ੍ਰਧਾਨ ਐਸ ਸੀ/ ਬੀ ਸੀ ਮੁਲਾਜ਼ਮ ਵੈਲਫੇਅਰ ਫੈਡਰੇਸ਼ਨ ਪਾਵਰਕਾਮ/ ਟਰਾਂਸਕੋ ਪੰਜਾਬ

# ਬਸਪਾ ਵੱਲੋਂ 22 ਜੂਨ ਨੂੰ ਸੰਗਰੂਰ ਵਿਖੇ ਪੰਜਾਬ ਸੰਭਾਲੋ ਮੁਹਿੰਮ ਤਹਿਤ ਕੀਤੀ ਜਾ ਰਹੀ ਰੈਲੀ ਦੀਆਂ ਤਿਆਰੀਆਂ ਸਬੰਧੀ ਮੀਟਿੰਗਾਂ ਜਾਰੀ, ਭੈਣੀ

## ਅਜੀਤ ਸਿੰਘ ਭੈਣੀ ਇੰਚਾਰਜ ਬਸਪਾ ਪੰਜਾਬ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਉਨ੍ਹਾਂ ਵਲੋਂ OBC ਭਾਈਚਾਰੇ ਨੂੰ ਅਪੀਲ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 9463601616
hardipchumber57@gmail.com



ਜਗਤਾਰ ਸਿੰਘ ਰੋੜੇਵਾਲ -- ਬਹੁਜਨ ਸਮਾਜ ਪਾਰਟੀ ਵੱਲੋਂ 22 ਜੂਨ ਨੂੰ ਪੰਜਾਬ ਸੰਭਾਲੋ ਮੁਹਿੰਮ ਤਹਿਤ ਅਤੇ ਪੰਜਾਬ ਵਿਚੋਂ ਨਸ਼ਿਆਂ ਦੇ ਖਾਤਮੇ ਲਈ ਜ਼ਿਲ੍ਹਾ ਪੱਧਰੀ ਰੈਲੀ ਕੀਤੀ ਜਾ ਰਹੀ ਹੈ।ਇਸ ਸਬੰਧੀ ਵਿਧਾਨ ਸਭਾ ਹਲਕੇ ਮਹਿਲ ਕਲਾਂ ਦੇ ਪਿੰਡ ਬਦੇਸ਼ਾਂ ਵਿਖੇ ਓ ਬੀ ਸੀ ਭਾਈਚਾਰੇ ਦੀ ਅਹਿਮ ਮੀਟਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾਕਟਰ ਸਰਬਜੀਤ ਸਿੰਘ ਖੇੜੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਜਿਲਾ ਬਰਨਾਲਾ ਨੇ ਦੱਸਿਆ ਕਿ ਇਸ ਮੀਟਿੰਗ ਨੂੰ ਸੰਬੋਧਨ ਕਰਨ ਲਈ ਅਜੀਤ ਸਿੰਘ ਭੈਣੀ ਇੰਚਾਰਜ ਬਸਪਾ ਪੰਜਾਬ ਵਿਸ਼ੇਸ਼ ਤੌਰ ਤੇ ਪਹੁੰਚੇ ਅਤੇ ਉਨ੍ਹਾਂ ਵਲੋਂ OBC ਭਾਈਚਾਰੇ ਨੂੰ ਅਪੀਲ ਕੀਤੀ ਕਿ ਬਸਪਾ ਵਲੋ ਸੰਗਰੂਰ ਵਿਖੇ 22 ਜੂਨ ਨੂੰ ਪੰਜਾਬ ਸੰਭਾਲੋ ਮੁਹਿੰਮ ਤਹਿਤ ਵਿਸ਼ਾਲ ਰੈਲੀ ਕੀਤੀ ਜਾ ਰਹੀ ਹੈ। ਇਸ ਰੈਲੀ ਵਿਚ ਵੱਡੀ ਗਿਣਤੀ ਵਿੱਚ ਪਹੁੰਚ ਕੇ OBC ਭਾਈਚਾਰੇ ਨੂੰ ਅਪੀਲ ਹੈ ਕਿ ਅਸੀਂ ਸਾਰੇ ਪੰਜਾਬ ਵਿੱਚ ਨਸ਼ਿਆਂ ਦੇ ਖਾਤਮੇ ਲਈ ਪੰਜਾਬ ਸੰਭਾਲੋ ਮੁਹਿੰਮ ਦਾ ਹਿੱਸਾ ਬਣੀਏ ਅਤੇ ਪੰਜਾਬ ਵਿੱਚ 2027 ਵਿੱਚ ਬਸਪਾ ਦੀ ਸਰਕਾਰ ਬਣਾਉਣ ਲਈ ਆਪਣਾ ਯੋਗਦਾਨ ਪਾਈਏ। ਬਸਪਾ ਦੀ ਸਰਕਾਰ ਬਣਨ ਤੇ ਲੈਂਡ ਸੀਲਿੰਗ ਐਕਟ ਲਾਗੂ ਕਰਕੇ ਅਤੇ ਪੰਚਾਇਤਾਂ ਦੀ ਸ਼ਾਮਲਾਤ ਜ਼ਮੀਨਾਂ ਵਿੱਚ ਰਿਜ਼ਰਵ ਕੋਟੇ ਦੀ ਤੀਜੇ ਹਿੱਸੇ ਦੀ ਜ਼ਮੀਨ ਤੋਂ ਧਨਾਢ ਚੌਧਰੀਆਂ ਤੋਂ ਕਬਜਾ ਮੁਕਤ ਕਰਵਾਉਣ ਤੋਂ ਬਾਅਦ ਤੁਹਾਨੂੰ ਅਸਲੀ ਮਾਲਕ ਬਣਾਇਆ ਜਾਵੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਜਾਪਤੀ ਅਜੀਤ ਸਿੰਘ ਭੈਣੀ ਇੰਚਾਰਜ ਬਸਪਾ ਪੰਜਾਬ, ਲੈਕਚਰਾਰ ਅਮਰਜੀਤ ਸਿੰਘ ਜਲੂਰ ਸੂਬਾ ਜਨਰਲ ਸਕੱਤਰ, ਡਾਕਟਰ ਸਰਬਜੀਤ ਸਿੰਘ ਖੇੜੀ ਪ੍ਰਧਾਨ ਜ਼ਿਲਾ ਬਰਨਾਲਾ, ਜਿਲਾ ਬਾੜੀ ਹਲਕਾ ਬਾੜੀ ਅਤੇ ਪਛੜੇ ਵਰਗਾਂ ਨਾਲ ਸਬੰਧਤ ਵਰਕਰ ਸਾਥੀ ਮੀਟਿੰਗ ਵਿੱਚ ਹਾਜ਼ਰ ਸਨ

# 45ਵੀਂ ਬਾਲ ਭੰਗੜਾ ਵਰਕਸ਼ਾਪ ਦਾ ਅਨਾਜ ਮੰਡੀ ਵਿਖੇ ਸਮਾਪਤੀ ਸਮਾਰੋਹ ਕਰਵਾਇਆ ਗਿਆ

"Equality and justice" Patiala 19 June
INTERNATIONAL PAPER, 9463601616
hardipchumber57@gmail.com



ਸ੍ਰੀ ਚਮਕੌਰ ਸਾਹਿਬ 19 ਜੂਨ (ਹਰਦਿਆਲ ਸਿੰਘ ਸੰਧੂ) ਪੰਜਾਬ ਕਲਾ ਮੰਚ ਰਜਿਸਟਰਡ ਸ੍ਰੀ ਚਮਕੌਰ ਸਾਹਿਬ ਦੇ ਸਹਿਯੋਗ ਨਾਲ ਭੰਗੜਾ ਟ੍ਰੇਨਿੰਗ ਸੈਂਟਰ ਵੱਲੋਂ ਮਾਪਿਆਂ ਦੇ ਉਪਰਾਲੇ ਸਦਕਾ ਗਰਮੀਆਂ ਦੀਆਂ ਛੁੱਟੀਆਂ ਨੂੰ ਮੁੱਖ ਰੱਖਦੇ ਹੋਏ ਅਨਾਜ ਮੰਡੀ ਵਿੱਚ 45ਵੀਂ ਭੰਗੜਾ ਵਰਕਸ਼ਾਪ ਸ਼ੁਰੂ ਕੀਤੀ ਗਈ ਸੀ ਜਿਸ ਦਾ ਸਮਾਪਤੀ ਸਮਾਰੋਹ ਮਾਪਿਆਂ ਦੀ ਹਾਜਰੀ ਵਿੱਚ ਕੀਤਾ ਗਿਆ ਇਹ ਵਰਕਸ਼ਾਪ ਭੰਗੜਾ ਕੋਚ ਕੁਲਜਿੰਦਰਜੀਤ ਸਿੰਘ ਬੱਬਰ ਦੀ ਨਿਰਦੇਸ਼ਨਾ ਹੇਠ ਲਗਾਈ ਗਈ ਜਿਸ ਵਿੱਚ ਵੱਖ ਵੱਖ ਸਕੂਲਾਂ ਦੇ ਲੜਕੇ/ ਲੜਕੀਆਂ ਨੇ ਢੋਲ ਦੀ ਤਾਲ ਤੇ ਭੰਗੜਾ ਅਤੇ ਵੱਖ ਵੱਖ ਕਰਤਵ ਪੇਸ਼ ਕਰਕੇ ਦਰਸ਼ਕਾ ਤੋਂ ਤਾੜੀਆਂ ਮਾਰ ਕੇ ਖੁਸ਼ੀ ਜਾਹਰ ਕੀਤੀ ਇਸ ਸਮਾਰੋਹ ਦੇ ਮੁੱਖ ਮਹਿਮਾਨ ਯਮਨ ਗੋਇਲ ਐਸਡੀਓ ਬਿਜਲੀ ਬੋਰਡ ਸ੍ਰੀ ਚਮਕੌਰ ਸਾਹਿਬ ਸ਼ਾਮਲ ਹੋਏ ਜਿਨਾਂ ਨੇ ਆਪਣੇ ਭਾਸ਼ਣ ਵਿੱਚ ਭੰਗੜੇ ਦੀ ਟ੍ਰੇਨਿੰਗ ਲੈ ਰਹੇ ਬੱਚਿਆਂ ਨੂੰ ਵਧਾਈ ਦਿੱਤੀ ਤੇ ਭੰਗੜਾ ਕੋਚ ਦੀ ਪ੍ਰਸ਼ੰਸਾ ਕੀਤੀ ਜਿਨਾਂ ਨੇ ਘੱਟ ਸਮੇਂ ਵਿੱਚ ਸਿਖਿਆਰਥੀਆਂ ਨੂੰ ਤਿਆਰ ਕਰਕੇ ਢੋਲ ਦੀ ਤਾਲ ਨਾਲ ਜੋੜਿਆ ਅਤੇ ਉਹਨਾਂ ਵੱਲੋਂ ਸਿਖਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ ਇਸ ਮੌਕੇ ਮੰਚ ਦੇ ਵਾਈਸ ਪ੍ਰਧਾਨ ਕੈਪਟਨ ਹਰਪਾਲ ਸਿੰਘ ਸੰਧੂਆਂ ਵੱਲੋਂ ਧਾਰਮਿਕ ਕਵਿਤਾ "ਤੇਗ ਰਾਣੀ ਸੀਸ ਮੰਗਦੀ" ਪੇਸ਼ ਕੀਤੀ ਗਈ ਅਤੇ ਭੰਗੜਾ ਵਰਕਸ਼ਾਪ ਸਬੰਧੀ ਬੱਬਰ ਨੇ ਚਾਨਣਾ ਪਾਇਆ ਕਿ ਇਹ ਵਰਕਸ਼ਾਪ 20 ਅਕਤੂਬਰ 1996 ਨੂੰ ਸ਼ੁਰੂ ਕੀਤੀਆਂ ਗਈਆਂ ਸਨ ਜੋ ਕਿ ਪਿੰਡ-ਪਿੰਡ, ਕਸਬੇ ਅਤੇ ਸ਼ਹਿਰ-ਸ਼ਹਿਰ ਚਲਦੀ ਹੋਈ ਹੁਣ ਤੱਕ 826 ਲੜਕੇ/ਲੜਕੀਆਂ ਟ੍ਰੇਨਿੰਗ ਲੈ ਚੁੱਕੀਆਂ ਹਨ ਇਸ ਸਮਾਰੋਹ ਵਿੱਚ ਬਲਵੀਰ ਸਿੰਘ ਮੁੰਡੀਆਂ ਤੇਜਪਾਲ ਸਿੰਘ ਸਿੱਧੂ ਮਨਮੋਹਨ ਕੁਮਾਰ ਹਰਪ੍ਰੀਤ ਸਿੰਘ ਮੰਡੀਆਂ ਸਾਬਕਾ ਸਰਪੰਚ ਸੇਮ ਸਿੰਘ ਮੁੰਡੀਆਂ ਬਲਜੀਤ ਸਿੰਘ ਬਸੀ ਗੁਜਰਾਂ ਰਘਬੀਰ ਸਿੰਘ ਮੜੌਲੀ ਕਲਾਂ ਹਰਦਿਆਲ ਸਿੰਘ ਸੰਧੂ ਸਲੇਮਪੁਰ ਕੈਪਟਨ ਹਰਪਾਲ ਸਿੰਘ ਸੰਧੂਆਂ ਦਲਜੀਤ ਕੌਰ ਰਣਜੀਤ ਕੌਰ ਕਰਮਜੀਤ ਕੌਰ ਇੰਦਰਜੀਤ ਕੌਰ ਜਸਮੀਤ ਕੌਰ ਰਿੰਪੀ ਬਰਮਾ ਅਮਨਦੀਪ ਕੌਰ ਬਲਜਿੰਦਰ ਕੌਰ ਅਤੇ ਜਸਵਿੰਦਰ ਕੌਰ ਤੋਂ ਇਲਾਵਾ ਮਾਪੇ ਹਾਜਰ ਸਨ।

# ਬੇਜਮੀਨੇ ਲੋਕਾਂ ਦੇ ਹਿੱਤ ਬਹੁਜਨ ਸਮਾਜ ਪਾਰਟੀ ਨਾਲ ਸੁਰੱਖਿਅਤ- ਚਮਕੌਰ ਸਿੰਘ ਵੀਰ/ਨਾਗਰਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 9463601616
hardipchumber57@gmail.com



ਸੰਗਰੂਰ( ) ਪੰਜਾਬ ਸਰਕਾਰ ਦੀ ਨੀਤੀ ਅਨੁਸਾਰ ਪਿੰਡਾਂ ਦੀਆਂ ਪੰਚਾਇਤੀ ਜਮੀਨ ਵਿੱਚੋਂ ਤੀਜੇ ਹਿੱਸੇ ਦੀ ਜਮੀਨ ਅਨੁਸੂਚਿਤ ਜਾਤੀ ਵਰਗ ਦੇ ਬੇਜਮੀਨੇ ਮਜ਼ਦੂਰਾਂ ਘੱਟ ਰੇਟ ਤੇ ਠੇਕੇ ਉੱਪਰ ਦੇਣ ਲਈ ਸਰਕਾਰ ਵੱਲੋਂ ਸਮੇਂ ਸਮੇਂ ਤੇ ਨੋਟੀਫਿਕੇਸ਼ਨ ਜਾਰੀ ਹੋਏ ਹੋਏ ਹਨ ਪਰੰਤੂ ਕੁਝ ਪਿੰਡਾਂ ਵਿੱਚ ਕੁਝ ਉੱਚ ਵਰਗ ਦੇ ਲੋਕ ਆਗੂ ਬਣ ਕੇ ਮਜ਼ਦੂਰਾਂ ਦੀਆਂ ਕਮੇਟੀਆਂ ਬਣਾ ਕੇ ਇਹਨਾਂ ਬੇਜ਼ਮੀਨੇ ਲੋਕਾਂ ਦਾ ਸ਼ੋਸ਼ਣ ਕਰ ਰਹੇ ਹਨ, ਉਹਨਾਂ ਦੇ ਮਿਹਨਤਾਨੇ ਵਿੱਚੋਂ ਹਰ ਛਿਮਾਹੀ ਦੀ ਫਸਲ ਤੋਂ ਬਾਅਦ ਮੋਟੀਆਂ ਰਕਮਾਂ ਇਹ ਕਹਿ ਕੇ ਵਸੂਲ ਕੀਤੀਆਂ ਜਾ ਰਹੀਆਂ ਹਨ ਕਿ ਅਸੀਂ ਤੁਹਾਨੂੰ ਸਰਕਾਰੀ ਜਮੀਨ ਠੇਕੇ ਤੇ ਦਿਵਾਈ ਹੈ ਜਦਕਿ ਉਹਨਾਂ ਮੰਨੂਵਾਦੀ ਲੋਕਾਂ ਦਾ ਬੇਜ਼ਮੀਨੇ ਲੋਕਾਂ ਨਾਲ ਕੋਈ ਵਾਸਤਾ ਵੀ ਨਹੀਂ ਹੈ ਬਲਕਿ ਭੋਲੇ ਭਾਲੇ ਬੇਜਮੀਨੇ ਮਜਦੂਰਾਂ ਦਾ ਆਰਥਿਕ ਤੌਰ ਤੇ ਸ਼ੋਸ਼ਣ ਕੀਤਾ ਜਾ ਰਿਹਾ ਹੈ ਇਸ ਗੱਲ ਦਾ ਪ੍ਰਗਟਾਵਾ ਸ੍ਰ ਚਮਕੌਰ ਸਿੰਘ ਵੀਰ ਜਨਰਲ ਸਕੱਤਰ ਬਹੁਜਨ ਸਮਾਜ ਪਾਰਟੀ ਪੰਜਾਬ ਨੇ ਕੀਤਾ ਉਨ੍ਹਾਂ ਵਿਸ਼ੇਸ਼ ਤੌਰ ਤੇ ਕੁਝ ਪਿੰਡਾਂ ਦਾ ਜ਼ਿਕਰ ਵੀ ਕੀਤਾ ਜਿਵੇਂ ਕਿ ਘਰਾਚੋਂ, ਝਨੇੜੀ, ਬਟਰੀਆਣਾ, ਕਾਕੜਾ, ਬਲਿਆਲ, ਕਪਿਆਲ ਆਦਿ ਕਾਫੀ ਪਿੰਡਾਂ ਵਿੱਚ ਕਈ ਸਾਲਾਂ ਤੋਂ ਬੇਜ਼ਮੀਨੇ ਲੋਕਾਂ ਦਾ ਆਰਥਿਕ ਤੌਰ ਤੇ ਸ਼ੋਸ਼ਣ ਹੋ ਰਿਹਾ ਹੈ ਉਹਨਾਂ ਕਿਹਾ ਕਿ ਬਸਪਾ ਦੀ ਸਰਕਾਰ ਬਣਨ ਤੇ ਜਿੰਨੀ ਵੀ ਪੰਜਾਬ ਵਿੱਚ ਪੰਚਾਇਤੀ ਅਤੇ ਸਰਕਾਰੀ ਜਮੀਨ ਪਈ ਹੈ ਉਸ ਨੂੰ ਉੱਤਰ ਪ੍ਰਦੇਸ਼ ਦੀ ਤਰਜ ਤੇ ਸਾਰੇ ਬੇਜਮੀਨੇ ਲੋਕਾਂ ਵਿੱਚ ਬਿਨਾਂ ਕਿਸੇ ਜਾਤੀ ਬਿਨਾਂ ਕਿਸੇ ਧਰਮ ਬਿਨਾਂ ਕਿਸੇ ਭਿੰਨ ਭੇਦ ਦੇ 2027 ਵਿੱਚ ਸਰਕਾਰ ਬਣਾ ਕੇ ਬਹੁਜਨ ਸਮਾਜ ਪਾਰਟੀ ਇਸ ਕੰਮ ਨੂੰ ਪਹਿਲ ਦੇ ਅਧਾਰ ਤੇ ਕਰੇਗੀ ਸ੍ਰ ਵੀਰ ਨੇ ਬੇਜ਼ਮੀਨੇ ਮਜਦੂਰ ਭਰਾਵਾਂ ਭੈਣਾਂ ਨੂੰ ਅਪੀਲ ਕੀਤੀ ਕਿ ਬਹੁਜਨ ਸਮਾਜ ਪਾਰਟੀ ਤੁਹਾਡੇ ਨਾਲ ਹਿੱਕ ਤਾਣ ਕੇ ਖੜੀ ਹੈ ਜੇਕਰ ਕਿਸੇ ਵੀ ਪਿੰਡ ਵਿੱਚ ਪੰਚਾਇਤੀ ਜਮੀਨ ਦੀ ਬੋਲੀ ਸਬੰਧੀ ਜਾਂ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਔਕੜ ਪੇਸ਼ ਆਵੇ ਤਾਂ ਉਹ ਬਹੁਜਨ ਸਮਾਜ ਪਾਰਟੀ ਦੇ ਕਿਸੇ ਵੀ ਆਗੂ ਨਾਲ ਸੰਪਰਕ ਕਰ ਸਕਦੇ ਹਨ ਇਸ ਸਬੰਧੀ ਸੂਬੇਦਾਰ ਰਣਧੀਰ ਸਿੰਘ ਨਾਗਰਾ ਜ਼ਿਲ੍ਹਾ ਕੋਆਰਡੀਨੇਟਰ ਬਸਪਾ ਸੰਗਰੂਰ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਿੱਤਾ ਗਿਆ ਮਜ਼ਦੂਰਾਂ ਨੂੰ 100 ਦਿਨ ਦਾ ਮਨਰੇਗਾ ਦਾ ਕੰਮ ਵੀ ਨਹੀਂ ਮਿਲ ਰਿਹਾ ਜਿਵੇਂ ਕਿ ਸੰਗਰੂਰ ਵਿਧਾਇਕਾ ਦਾ ਆਪਣਾ ਪਿੰਡ ਭਰਾਜ, ਮੰਗਵਾਲ, ਬਾਲੀਆਂ, ਆਦਿ ਪਿੰਡਾਂ ਦਾ ਜ਼ਿਕਰ ਕੀਤਾ ਉਹਨਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਨਰੇਗਾ ਦਾ ਮਜ਼ਦੂਰਾਂ ਨੂੰ ਤੁਰੰਤ ਕੰਮ ਦਿਵਾਇਆ ਜਾਵੇ ਅਤੇ ਜਿੱਥੇ ਕੇਂਦਰ ਸਰਕਾਰ 100 ਦਿਨਾਂ ਲਈ ਮਨਰੇਗਾ ਦਾ ਕੰਮ ਦਿੰਦਾ ਹੈ ਉਥੇ 200 ਦਿਨ ਦਾ ਪੰਜਾਬ ਸਰਕਾਰ ਵੀ ਮਜ਼ਦੂਰਾਂ ਨੂੰ ਮਨਰੇਗਾ ਦਾ ਕੰਮ ਦੇਵੇ।ਮਨਰੇਗਾ 100 ਦਿਨਾਂ ਦੀ ਵਿਜਾਏ 300 ਦਿਨਾਂ ਦੀ ਕੀਤੀ ਜਾਵੇ ਉਹਨਾਂ ਦੀ ਮਜ਼ਦੂਰੀ 346 ਤੋਂ ਵਧਾ ਕੇ 800 ਰੁਪਏ ਪ੍ਰਤੀ ਦਿਨ,20 ਲੱਖ ਰੁਪਏ ਦਾ ਬੀਮਾ , ਮਜ਼ਦੂਰਾਂ ਨੂੰ ਵਰਦੀ, ਮੁਫਤ ਸਿਹਤ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ ਜੇਕਰ ਪੰਜਾਬ ਸਰਕਾਰ ਇਹਨਾਂ ਮਜ਼ਦੂਰਾਂ ਨੂੰ ਆਪਣਾ ਬਣਦਾ ਹੱਕ ਅਤੇ ਸਹੀ ਮਿਨਤਾਨਾ ਨਹੀਂ ਦਿੰਦੀ ਤਾਂ ਬਹੁਜਨ ਸਮਾਜ ਪਾਰਟੀ ਮਜ਼ਦੂਰਾਂ ਨੂੰ ਹੱਕ ਦਵਾਉਣ ਲਈ ਉਹਨਾਂ ਦੇ ਨਾਲ ਖੜੀ ਹੈ। ਉਹਨਾਂ 2027 ਵਿੱਚ ਬਸਪਾ ਦੀ ਸਰਕਾਰ ਬਣਾਉਣ ਲਈ ਅਪੀਲ ਕੀਤੀ ਇਸ ਸਮੇਂ ਉਹਨਾਂ ਦੇ ਨਾਲ ਦਰਸ਼ਨ ਸਿੰਘ ਨਦਾਮਪੁਰ ਹਲਕਾ ਪ੍ਰਧਾਨ ਸੰਗਰੂਰ, ਗੁਰਜੰਟ ਸਿੰਘ, ਜਸਵੀਰ ਸਿੰਘ, ਨੰਬਰਦਾਰ ਜੋਗਿੰਦਰ ਸਿੰਘ, ਹਰਜਿੰਦਰ ਸਿੰਘ, ਨਿਰਮਲ ਸਿੰਘ ਮੱਟੂ ਆਦਿ ਮੌਜੂਦ ਸਨ

# ਨਿਊ ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਪੰਜਾਬ (ਰਜਿ: ਨੰ 100) ਵੱਲੋਂ ਬਲਾਕ ਮਾਛੀਵਾੜਾ (ਲੁਧਿਆਣਾ) ਦੀ ਚੋਣ ਕੀਤੀ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 9463601616
hardipchumber57@gmail.com



ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ) ਨਿਊ ਮੈਡੀਕਲ ਪ੍ਰੈਕਟੀਸ਼ਨਰਜ ਐਸੋਸੀਏਸ਼ਨ ਪੰਜਾਬ ਰਜਿਸਟਰ ਨੰਬਰ 100 ਦੇ ਮੈਂਬਰਾਂ ਵੱਲੋਂ ਜਾਣਕਾਰੀ ਦਿੱਤੀ ਗਈ ਕਿ ਬਲਾਕ ਮਾਛੀਵਾੜਾ ਜ਼ਿਲ੍ਹਾ ਲੁਧਿਆਣਾ ਦੀ ਚੋਣ ਕੀਤੀ ਗਈ ਜਿਸ ਵਿੱਚ ਸਟੇਟ ਕਮੇਟੀ ਆਗੂਆਂ ਸਮੇਤ ਬਲਾਕ ਦੇ ਦਸ ਮੈਂਬਰਾਂ ਨੇ ਹਿੱਸਾ ਲਿਆ। ਅੱਜ ਦੀ ਮੀਟਿੰਗ ਦੀ ਦੇਖਰੇਖ ਸੀਨੀਅਰ ਮੀਤ ਪ੍ਰਧਾਨ ਡਾਕਟਰ ਹਰਮੇਲ ਸਿੰਘ ਮਲੇਰਕੋਟਲਾ ,ਜਨਰਲ ਸਕੱਤਰ ਡਾਕਟਰ ਅਵਤਾਰ ਬਾਲੀ ਅਤੇ ਸੂਬਾ ਖਜਾਨਚੀ ਡਾਕਟਰ ਮਾਲ ਸਿੰਘ ਮਾਣਕੀ ਨੇ ਕੀਤੀ। ਡਾਕਟਰ ਜਸਵੰਤ ਸਿੰਘ ਖਜਾਨਚੀ ਬਲਾਕ ਰੁੜਕੀ, ਡਾਕਟਰ ਸੁਰਜੀਤ ਸਿੰਘ ਸਕੱਤਰ ਬਲਾਕ ਰੁੜਕੀ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਅੱਜ ਦੀ ਮੀਟਿੰਗ ਵਿੱਚ ਅਡਵਾਈਜ਼ਰ ਡਾਕਟਰ ਜਸਵੀਰ ਸਿੰਘ ,ਡਾਕਟਰ ਪ੍ਰਦੀਪ ਕੁਮਾਰ ਅਤੇ ਹੈਪੀ ਮਾਨ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ। ਡਾਕਟਰ ਜਸਬੀਰ ਸਿੰਘ ਮੁੱਖ ਸਲਾਹਕਾਰ, ਡਾਕਟਰ ਜਸਕਰਨ ਸਿੰਘ ਬਲਾਕ ਪ੍ਰਧਾਨ ,ਡਾਕਟਰ ਜਸਪ੍ਰੀਤ ਸਿੰਘ ਬਲਾਕ ਖਜਾਨਚੀ ,ਡਾਕਟਰ ਵਰਿੰਦਰ ਸਿੰਘ ਬਲਾਕ ਸਕੱਤਰ, ਡਾਕਟਰ ਸੁਰਜੀਤ ਸਿੰਘ ਮੁੱਖ ਮੈਂਬਰ ਚੁਣੇ ਗਏ ਅਤੇ ਆਦਿ ਮੈਂਬਰ ਮੀਟਿੰਗ ਵਿੱਚ ਹਾਜਰ ਹੋਈ। ਇਹ ਸਾਰੇ ਮੈਂਬਰ ਸੂਬਾ ਕਮੇਟੀ ਵੱਲੋਂ ਸਰਬ ਸਹਿਮਤੀ ਨਾਲ ਚੁਣੇ ਗਏ ਅਤੇ ਸਾਰਿਆਂ ਨੇ ਇਸ ਚੋਣ ਨੂੰ ਸਰਬ ਸਹਿਮਤੀ ਨਾਲ ਪ੍ਰਵਾਨ ਕੀਤਾ। ਡਾ ਅਵਤਾਰ ਬਾਲੀ ਸੂਬਾ ਜਨਰਲ ਸਕੱਤਰ ਪੰਜਾਬ

# "ਸੁਪਨੇ, ਸਿਸਟਮ ਤੇ ਸੱਚਾਈ"

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 94636 01616
hardipchumber57@gmail.com

ਸੁਪਨੇ ਵੇਖਣ ਲਈ ਅੱਖਾਂ ਦੀ ਉਮਰ ਜਾਂ ਸਾਈਜ਼ ਕਦੇ ਵੀ ਰੁਕਾਵਟ ਨਹੀਂ ਬਣਦੀ। ਚਾਹੇ ਅੱਖਾਂ ਨਿਕੀਆਂ ਹੋਣ, ਪਰ ਸੁਪਨੇ ਵੱਡੇ ਹੋਣੇ ਚਾਹੀਦੇ ਨੇ। ਹਰ ਕੋਈ ਕੁਝ ਬਣਨਾ ਚਾਹੁੰਦਾ ਹੈ – ਕੋਈ ਅਧਿਆਪਕ, ਕੋਈ ਡਾਕਟਰ, ਤੇ ਕੋਈ ਇੰਜੀਨੀਅਰ। ਪਰ ਸਿਰਫ਼ ਸੁਪਨਾ ਲੈ ਲੈਣ ਨਾਲ ਕੁਝ ਨਹੀਂ ਹੁੰਦਾ। ਇਹਨਾਂ ਸੁਪਨਿਆਂ ਨੂੰ ਹਕੀਕਤ ਬਣਾਉਣ ਲਈ ਦਿਲੋ ਮਿਹਨਤ, ਸਮਰਪਣ ਅਤੇ ਲਗਾਤਾਰ ਕੋਸ਼ਿਸ਼ ਕਰਨੀ ਪੈਂਦੀ ਹੈ।

ਪਰ ਸੱਚ ਇਹ ਵੀ ਹੈ ਕਿ ਹਰ ਸੁਪਨਾ ਪੂਰਾ ਨਹੀਂ ਹੁੰਦਾ। ਕਈ ਵਾਰ ਇਨਸਾਨ ਪੂਰੀ ਕੋਸ਼ਿਸ਼ ਕਰਦਾ ਹੈ, ਫਿਰ ਵੀ ਨਤੀਜਾ ਉਹ ਨਹੀਂ ਆਉਂਦਾ ਜਿਸ ਦੀ ਉਮੀਦ ਸੀ। ਵਿਦਿਆਰਥੀ ਆਪਣੀ ਪਛਾਣ ਨੰਬਰਾਂ ਨਾਲ ਜੋੜ ਲੈਂਦੇ ਹਨ, ਤੇ ਜਦ ਨੰਬਰ ਘੱਟ ਆ ਜਾਂਦੇ ਹਨ, ਤਾਂ ਉਹ ਆਪਣੇ ਆਪ 'ਤੇ ਸ਼ੱਕ ਕਰਨਾ ਸ਼ੁਰੂ ਕਰ ਦਿੰਦੇ ਹਨ। ਅਜਿਹਾ ਵੀ ਵੇਖਣ ਨੂੰ ਮਿਲਦਾ ਹੈ ਕਿ ਕੁਝ ਵਿਦਿਆਰਥੀ ਨੰਬਰਾਂ ਦੀ ਚਿੰਤਾ ਕਰਕੇ ਆਪਣੀ ਜ਼ਿੰਦਗੀ ਖਤਮ ਕਰ ਲੈਂਦੇ ਹਨ। ਇਹ ਸਿਰਫ਼ ਨੰਬਰਾਂ ਦੀ ਨਹੀਂ, ਸਿਸਟਮ ਤੇ ਮਾਪਿਆਂ ਦੀਆਂ ਉਮੀਦਾਂ ਦੀ ਮਾਰ ਹੁੰਦੀ ਹੈ।

ਮਾਪੇ ਵੀ ਕਈ ਵਾਰ ਆਪਣੇ ਸੁਪਨੇ ਬੱਚਿਆਂ ਉੱਤੇ ਥੋਪ ਦਿੰਦੇ ਹਨ। ਉਹ ਨਹੀਂ ਸੋਚਦੇ ਕਿ ਬੱਚਿਆਂ ਦੀ ਆਪਣੀ ਸੋਚ, ਆਪਣੀ ਪਸੰਦ ਹੁੰਦੀ ਹੈ। ਉਹ ਸਿਰਫ਼ ਅੰਕਾਂ ਵਾਲੀ ਰਿਪੋਰਟ ਕਾਰਡ ਨੂੰ ਹੀ ਸਭ ਕੁਝ ਮੰਨ ਲੈਂਦੇ ਹਨ। ਇਸ ਦਬਾਅ ਕਰਕੇ ਕਈ ਬੱਚੇ ਮਨੋਵਿਗਿਆਨਕ ਤਣਾਅ 'ਚ ਆ ਜਾਂਦੇ ਹਨ, ਖੁਦ ਤੋਂ ਦੂਰ ਹੋ ਜਾਂਦੇ ਹਨ।

ਉੱਥੇ ਸਾਡੀ ਸਿੱਖਿਆ ਅਤੇ ਨੌਕਰੀ ਦੀ ਪ੍ਰਣਾਲੀ ਵੀ ਕੋਈ ਵਧੀਆ ਹਾਲਤ 'ਚ ਨਹੀਂ। ਬੱਚੇ ਸਾਲਾਂ ਲੱਗਾਤਾਰ ਪੜ੍ਹਦੇ ਹਨ, ਪਰ ਫਿਰ ਵੀ ਨੌਕਰੀ ਲਈ ਜੱਦੋ-ਜਹਿਦ ਕਰਦੇ ਰਹਿੰਦੇ ਹਨ। ਕੌਮਪਟੀਸ਼ਨ ਇਮਤਿਹਾਨਾਂ ਨੇ ਉਨ੍ਹਾਂ ਦੀ ਜ਼ਿੰਦਗੀ ਨੂੰ ਦੌੜ ਬਣਾਕੇ ਰੱਖ ਦਿੱਤਾ ਹੈ। ਜਦ ਤੱਕ ਨੌਕਰੀ ਮਿਲਣ ਦਾ ਚਾਂਸ ਆਉਂਦਾ ਹੈ, ਤਦ ਤੱਕ ਉਮਰ ਕਾਫੀ ਅੱਗੇ ਨਿਕਲ ਚੁੱਕੀ ਹੁੰਦੀ ਹੈ। ਇਨ੍ਹਾਂ ਸਾਲਾਂ 'ਚ ਉਹ ਆਪਣੀ ਖੁਸ਼ੀ, ਆਤਮ-ਵਿਸ਼ਵਾਸ ਅਤੇ ਅਸਲੀ ਸਨਮਾਨ ਗਵਾ ਬੈਠਦੇ ਹਨ।

ਸਵਾਲ ਇਹ ਨਹੀਂ ਕਿ ਅਸੀਂ ਸੁਪਨੇ ਦੇਖੀਏ ਜਾਂ ਨਾ, ਸਵਾਲ ਇਹ ਹੈ ਕਿ ਕੀ ਅਸੀਂ ਅਜਿਹੀ ਸਿੱਖਿਆ ਲੈ ਰਹੇ ਹਾਂ ਜੋ ਸਾਨੂੰ ਜੀਵਨ ਦੀ ਅਸਲੀ ਸਮਝ ਦਿਵੇ? ਕੀ ਇਹ ਸਿੱਖਿਆ ਸਾਨੂੰ ਸਿਰਫ਼ ਰਟਨ, ਅੰਕ ਤੇ ਮੁਕਾਬਲੇ ਦੀ ਦੌੜ ਸਿਖਾ ਰਹੀ ਹੈ ਜਾਂ ਜੀਵਨ ਦੇ ਅਸਲ ਮੁੱਲ?

ਸਿੱਖਿਆ ਤਾਂ ਉਹ ਹੋਣੀ ਚਾਹੀਦੀ ਜੋ ਮਨੁੱਖਤਾ ਸਿਖਾਵੇ, ਜੋ ਵਿਅਕਤੀ ਨੂੰ ਆਪਣੇ ਸੁਪਨੇ ਪੂਰੇ ਕਰਨ ਲਈ ਹੌਂਸਲਾ ਦੇਵੇ। ਸਿੱਖਿਆ ਕਿਸੇ ਨੂੰ ਨੰਬਰਾਂ ਦੀ ਜੰਜੀਰ ਵਿੱਚ ਕੈਦ ਨਹੀਂ ਕਰਦੀ, ਉਹ ਤਾਂ ਅਜ਼ਾਦੀ ਦਿੰਦੀ ਹੈ ਸੋਚਣ ਦੀ, ਅੱਗੇ ਵਧਣ ਦੀ।

ਇਸਦੇ ਨਾਲ ਹੀ ਸਾਨੂੰ ਲੋੜ ਹੈ ਸਾਡੇ ਸਿਸਟਮ ਨਾਲ



ਪ੍ਰੀਆਂਸ਼ੂ

ਲੜਨ ਦੀ ਤਾਂ ਜ਼ੋ ਆਉਣ ਵਾਲੇ ਭਵਿੱਖ ਨੂੰ ਇਨ੍ਹਾਂ ਸੱਮਸਿਆ ਨਾਲ ਨਜਿੱਠਣ ਵਿੱਚ ਪਰੇਸ਼ਾਨੀ ਨਾ ਆਵੇ।

ਸਾਨੂੰ, ਮਾਪਿਆਂ ਨੂੰ, ਸਿੱਖਿਆ ਪ੍ਰਣਾਲੀ ਨੂੰ ਇਹ ਸਮਝਣ ਦੀ ਲੋੜ ਹੈ ਕਿ ਹਰ ਇਨਸਾਨ ਵੱਖਰੀ ਸੋਚ ਰੱਖਦਾ ਹੈ, ਤੇ ਸਫਲਤਾ ਦੀ ਪਰਿਭਾਸ਼ਾ ਵੀ ਵੱਖਰੀ ਹੋ ਸਕਦੀ ਹੈ। ਸੁਪਨਾ ਤਾਂ ਹਰੇਕ ਦਾ ਵੱਡਾ ਹੁੰਦਾ ਹੈ – ਪਰ ਉਹ ਤਦ ਹੀ ਪੂਰਾ ਹੋਵੇਗਾ ਜਦੋਂ ਅਸੀਂ ਮਨੋ-ਮਨ ਤੰਦਰੁਸਤ ਹੋਵਾਂਗੇ।

ਪ੍ਰੀਆਂਸ਼ੂ
ਬਾਬਾ ਫ਼ਰੀਦ ਐਜੂਕੇਸ਼ਨ ਕਾਲਜ਼ ਦਿਉਣ (ਬਠਿੰਡਾ),
ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ ਕੋਟਗੁਰੂ

# ਇੱਕ ਤਾਰੇ ਦੀ ਚਮਕ – ਲਖਵੀਰ ਕੌਰ ਦੀ ਉਡਾਣ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 94636 01616
hardipchumber57@gmail.com

ਪੰਜਾਬ ਦੇ ਇੱਕ ਜ਼ਿਲ੍ਹੇ ਦੇ ਇੱਕ ਨਿਕੇ ਜਿਹੇ ਪਿੰਡ ਵਿੱਚ ਇੱਕ ਕਿਸਾਨ ਆਪਣੀ ਪਤਨੀ ਅਤੇ ਚਾਰ ਬੱਚਿਆਂ ਨਾਲ ਰਹਿੰਦਾ ਸੀ। ਉਹ ਦੋਵੇਂ ਮਿਹਨਤੀ, ਸੱਚੇ ਅਤੇ ਸਾਫ ਲੋਕ ਸਨ। ਜੋ ਹਮੇਸ਼ਾ ਆਪਣੇ ਬੱਚਿਆਂ ਨੂੰ ਇਮਾਨਦਾਰੀ, ਨੇਕੀ ਅਤੇ ਸਚਾਈ ਦੇ ਰਾਹ ਤੇ ਤੁਰਨ ਦੀ ਸਿੱਖਿਆ ਦਿੰਦੇ ਰਹੇ। ਕਿਸਾਨ ਦੀ ਵੱਡੀ ਧੀ ਸਰਕਾਰੀ ਅਧਿਆਪਕ ਬਣੀ, ਪੁੱਤਰ ਵਕੀਲ ਬਣਿਆ ਅਤੇ ਤੀਜੀ ਧੀ ਪ੍ਰੋਫੈਸਰ ਬਣੀ। ਪਰ ਸਭ ਤੋਂ ਛੋਟੀ ਧੀ ਲਖਵੀਰ ਕੌਰ ਥੋੜ੍ਹੀ ਵੱਖਰੀ ਸੀ। ਉਹ ਸਦਾ ਤਾਰਿਆਂ ਵਾਂਗ ਵੱਡੇ ਸੁਪਨੇ ਵੇਖਦੀ ਸੀ। ਉਸਦਾ ਮਨ ਪੜ੍ਹਾਈ ਵਿੱਚ ਸੀ, ਪਰ ਉਸਦੀ ਮੰਜ਼ਿਲ ਦਫ਼ਤਰ ਜਾਂ ਕਲਾਸਰੂਮ ਨਹੀਂ, ਸਗੋਂ ਦੰਦ ਚਿਕਿਤਸਕ (ਡੈਂਟਿਸਟ) ਬਣਨ ਦੀ ਸੀ। ਜਦ ਲੋਕ ਆਖਦੇ ਕਿ "ਯੂਨੀਵਰਸਿਟੀ 'ਚ ਦਾਖਲਾ ਆਸਾਨ ਨਹੀਂ, ਪੈਸਾ ਤੇ ਹੌਂਸਲਾ ਦੋਵੇਂ ਚਾਹੀਦੇ ਨੇ, ਐਵੇਂ ਪੈਸੇ ਨਾ ਖਰਚੋ," ਤਾਂ ਕਿਸਾਨ ਕੁਝ ਨਾ ਆਖਦਾ। ਉਹ ਸਿਰਫ਼ ਹੌਲੀ ਹੌਲੀ ਮੁਸਕਰਾ ਦਿੰਦਾ, ਕਿਉਂਕਿ ਉਸਨੂੰ ਆਪਣੀ ਧੀ 'ਤੇ ਪੂਰਾ ਭਰੋਸਾ ਸੀ। ਉਸਦੀ ਚੁੱਪੀ ਵਿੱਚ ਵਿਸ਼ਵਾਸ ਵੱਸਦਾ ਸੀ, ਵਿਸ਼ਵਾਸ ਇਸ ਗੱਲ ਦਾ ਕਿ ਲਖਵੀਰ ਕਦੇ ਸੁਪਨੇ ਇਕ ਦਿਨ ਜ਼ਰੂਰਸੱਚ ਹੋਣਗੇ। ਮਾਪਿਆਂ ਨੇ ਲਖਵੀਰ ਦੀ ਹਰ ਤਰ੍ਹਾਂ ਮਦਦ ਕੀਤੀ। ਲਖਵੀਰ ਨੇ ਆਇਲਟਸ (IELTS) ਦੀ ਤਿਆਰੀ ਕੀਤੀ, ਯੂਨੀਵਰਸਿਟੀ ਵਿੱਚ ਦਾਖਲੇ ਲਈ ਅਰਜ਼ੀ ਦਿੱਤੀ। ਕਈ ਰਾਤਾਂ ਦੀ ਨੀਂਦ ਗਈ, ਕਈ ਦਿਨ ਦੁਆਵਾਂ ਵਿੱਚ ਲੰਘੇ। ਇੱਕ ਦਿਨ, ਖੁਸ਼ਖਬਰੀ ਆਈ, ਲਖਵੀਰ ਦਾ ਦਾਖਲਾ ਹੋ ਗਿਆ ਸੀ। ਘਰ ਵਿੱਚ ਖੁਸ਼ੀ ਦਾ ਮਾਹੌਲ ਸੀ। ਕਿਸਾਨ ਦੀਆਂ ਅੱਖਾਂ ਵਿੱਚ ਚਮਕ ਸੀ, ਪਰ ਉਹ ਖੁਸ਼ੀ ਦੇ ਹੰਝੂ ਸਨ। ਉਹ ਆਖਦਾ ਸੀ, "ਹੁਣ ਮੇਰੀ ਧੀ ਡਾਕਟਰ ਬਣੇਗੀ, ਤੇ ਪਿੰਡ ਦਾ ਨਾਂ ਰੌਸ਼ਨ ਕਰੇਗੀ।" ਲਖਵੀਰ ਵਿਦੇਸ਼ ਚਲੀ ਗਈ।ਪਰ ਕੁਝ ਸਮੇਂ ਬਾਅਦ ਇੱਕ ਦੁਖਦਾਈ ਖ਼ਬਰ ਆਈ ਕਿਸਾਨ ਹੁਣ ਨਹੀਂ ਰਿਹਾ। ਉਸ ਮੌਕੇ ਲਖਵੀਰ ਨੇ ਆਪੇ ਨੂੰ ਟੁੱਟਣ ਨਹੀਂ ਦਿੱਤਾ। ਪਿਉ ਦੇ ਸੁਪਨੇ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾਇਆ। ਉਹ ਦਿਨ-ਰਾਤ ਮਿਹਨਤ ਕਰਦੀ ਰਹੀ। ਕਈ ਵਾਰੀ ਹੱਸਦੀ, ਕਈ ਵਾਰੀ ਰੋ ਪੈਂਦੀ, ਪਰ ਕਦੇ ਰੁਕੀ ਨਹੀਂ। ਅੱਜ, ਲਖਵੀਰ ਇੱਕ ਕਾਮਯਾਬ ਡੈਂਟਿਸਟ ਹੈ। ਦੂਰ ਦੇਸ਼ ਵਿੱਚ ਰਹਿੰਦੀ ਹੈ, ਪਰ ਦਿਲ ਵਿੱਚ ਪਿੰਡ ਵੱਸਦਾ ਹੈ। ਹਰ ਰਾਤ ਜਦ ਉਹ ਅਸਮਾਨ ਵੱਲ ਵੇਖਦੀ ਹੈ, ਤਾਰਿਆਂ ਦੀ ਚਮਕ ਵਿੱਚ



ਡਾ.ਭਿੰਦਰਜੀਤ ਕੌਰ

ਆਪਣੇ ਪਿਉ ਦਾ ਚਿਹਰਾ ਲੱਭਦੀ ਹੈ। ਉਸਦੇ ਭੈਣ-ਭਰਾ ਆਖਦੇ ਹਨ: "ਅਸੀਂ ਆਪਣਾ ਤਾਰਾ ਨਹੀਂ ਗੁਆਇਆ । ਉਹ ਅੱਜ ਵੀ ਅਸਮਾਨ 'ਚ ਚਮਕ ਰਿਹਾ ਏ। ਤੇ ਲਖਵੀਰ, ਤੂੰ ਉਹ ਰੋਸ਼ਨੀ ਬਣੀ ਜੋ ਪਿਉ ਦੇ ਸੁਪਨੇ ਨੂੰ ਸੱਚ ਕਰ ਗਈ।

ਡਾ.ਭਿੰਦਰਜੀਤ ਕੌਰ
ਅਸਿਸਟੈਂਟ ਪ੍ਰੋਫੈਸਰ, ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ, ਦਿਉਣ (ਬਠਿੰਡਾ),
ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ ਕੋਟਗੁਰੂ

# ਲੁਧਿਆਣਾ ਪੱਛਮੀ ਜ਼ਿਮਨੀ ਚੋਣ ਲਈ ਵੋਟਿੰਗ ਹੋਈ ਖਤਮ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 94636 01616
hardipchumber57@gmail.com

ਪੰਜਾਬ ਦੀ ਲੁਧਿਆਣਾ ਪੱਛਮੀ ਵਿਧਾਨ ਸਭਾ ਸੀਟ 'ਤੇ ਉਪ ਚੋਣ ਲਈ ਅੱਜ (19 ਜੂਨ) ਨੂੰ ਵੋਟਿੰਗ ਹੋਈ। ਵੋਟਿੰਗ ਸਵੇਰੇ 7 ਵਜੇ ਸ਼ੁਰੂ ਹੋਈ ਅਤੇ ਸ਼ਾਮ 6 ਵਜੇ ਖਤਮ ਹੋਈ। 14 ਉਮੀਦਵਾਰਾਂ ਦੀ ਕਿਸਮਤ ਈਵੀਐਮ ਮਸ਼ੀਨਾਂ ਚ ਕੈਦ ਹੋ ਚੁੱਕੀ ਹੈ ਹੁਣ ਨਤੀਜੇ 23 ਜੂਨ ਨੂੰ ਐਲਾਨੇ ਜਾਣਗੇ।

ਦੱਸ ਦਈਏ ਕਿ ਵੋਟਿੰਗ ਲਈ 194 ਪੋਲਿੰਗ ਸਟੇਸ਼ਨ ਬਣਾਏ ਗਏ ਸਨ। ਚੋਣ ਕਮਿਸ਼ਨ ਵੱਲੋਂ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ, ਸ਼ਾਮ 5 ਵਜੇ ਤੱਕ 49.07% ਵੋਟਿੰਗ ਹੋਈ, ਹਾਲਾਂਕਿ ਅੰਤਿਮ ਅੰਕੜੇ ਅਜੇ ਆਉਣੇ ਬਾਕੀ ਹਨ।ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਗੁਰਪ੍ਰੀਤ ਬੱਸੀ ਗੋਗੀ ਦੀ ਗੋਲੀ ਲੱਗਣ ਨਾਲ ਹੋਈ ਮੌਤ ਦੇ ਬਾਅਦ ਖਾਲੀ ਹੋਈ ਸੀ।

# ਬਸਤੀ ਸੋਹਣ ਸਿੰਘ (ਜੌੜਾ) ਦੀ ਪੰਚਾਇਤੀ ਜਮੀਨ ਦੀ ਪ੍ਰਸ਼ਾਸਨ ਨੇ ਨਹੀਂ ਕਰਵਾਈ ਬੋਲੀ : ਸੁਰਿੰਦਰ ਸਿੰਘ ਜੌੜਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 94636 01616
hardipchumber57@gmail.com

ਜ਼ੀਰਾ 19 ਜੂਨ ( ਅੰਗਰੇਜ਼ ਬਰਾੜ ) - ਬਲਾਕ ਜੀਰਾ ਦੇ ਪਿੰਡ ਜੌੜਾ ਦੀ ਬਸਤੀ ਸੋਹਣ ਸਿੰਘ ਵਾਲੀ ਦੀ 7 ਕਿੱਲੇ ਜਮੀਨ ਦੀ ਪ੍ਰਸ਼ਾਸਨ ਵੱਲੋਂ ਬੋਲੀ ਨਹੀਂ ਕਰਵਾਈ ਗਈ ਅਤੇ ਸਿਆਸੀ ਆਗੂਆਂ ਦੇ ਚਹੇਤੇ ਉਸ ਜਮੀਨ ਵਿੱਚ ਝੋਨਾ ਲਗਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪਿੰਡ ਜੌੜਾ ਦੇ ਵਸਨੀਕ ਅਤੇ ਕਾਂਗਰਸ ਕਮੇਟੀ ਪੰਜਾਬ ਪ੍ਰਦੇਸ਼ ਦੇ ਮੈਂਬਰ ਸੁਰਿੰਦਰ ਸਿੰਘ ਜੌੜਾ ਨੇ ਪੰਚਾਇਤੀ ਜਮੀਨ ਪੱਤਰਕਾਰਾਂ



ਨੂੰ ਦਿਖਾਉਂਦੇ ਹੋਏ ਕੀਤਾ। ਉਹਨਾਂ ਕਾਗਜ਼ ਦਿਖਾਉਂਦੇ ਹੋਏ ਕਿਹਾ ਕਿ ਮਈ ਮਹੀਨੇ ਵਿੱਚ ਬੀ ਡੀ ਪੀ ਓ ਜੀਰਾ ਨੂੰ ਇਸ ਜਮੀਨ ਦੀ ਬੋਲੀ ਕਰਵਾਉਣ ਸਬੰਧੀ ਦਰਖਾਸਤ ਦੇਣ ਦੇ ਬਾਵਜੂਦ ਵੀ ਪ੍ਰਸ਼ਾਸਨ ਸਿਆਸੀ ਆਗੂਆਂ ਦੇ ਇਸ਼ਾਰੇ ਤੇ ਪਿੰਡ ਦੀ ਪੰਚਾਇਤੀ ਜਮੀਨ ਤੇ ਆਪਣੇ ਚਹੇਤਿਆਂ ਦਾ ਕਬਜ਼ਾ ਕਰਵਾ ਰਿਹਾ ਹੈ। ਸਰਦਾਰ ਸੁਰਿੰਦਰ ਸਿੰਘ ਜੌੜਾ ਨੇ ਅੱਗੇ ਕਿਹਾ ਕਿ ਉਹ ਇਸ ਜਮੀਨ ਸੰਬੰਧੀ ਮਾਨਯੋਗ ਡੀ ਸੀ ਫਿਰੋਜ਼ਪੁਰ, ਡੀ ਡੀ ਪੀ ਓ ਫਿਰੋਜ਼ਪੁਰ ਅਤੇ ਬੀ ਡੀ ਪੀ ਓ ਜੀਰਾ ਨੂੰ ਦਰਖਾਸਤ ਦੇ ਚੁੱਕੇ ਹਨ। ਇਸ ਸੰਬੰਧੀ ਜਦੋਂ ਬੀ ਡੀ ਪੀ ਓ ਜੀਰਾ ਸੁਰਜੀਤ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਕਿਹਾ ਕਿ ਜਿੰਨੀ ਉਹਨਾਂ ਨੂੰ ਜਾਣਕਾਰੀ ਹੈ, ਇਸ ਜਮੀਨ ਦੀ ਬੋਲੀ ਪਿੰਡ ਦੇ ਸਕੂਲ ਵਿੱਚ ਹੋ ਚੁੱਕੀ ਹੈ। ਪੱਤਰਕਾਰਾਂ ਵੱਲੋਂ ਜਦੋਂ ਉਹਨਾਂ ਨੂੰ ਪੁੱਛਿਆ ਗਿਆ ਕਿ ਕਰਵਾਈ ਗਈ ਬੋਲੀ ਦੀ ਕੋਈ ਵੀਡੀਓ ਹੈ ਤਾਂ ਉਹਨਾਂ ਕਿਹਾ ਕਿ ਅੱਜ ਪੰਚਾਇਤ ਸੈਕਟਰੀ ਹਾਜ਼ਰ ਨਹੀਂ ਹਨ! ਬੋਲੀ ਦੀ ਵੀਡੀਓ ਉਹਨਾਂ ਕੋਲ ਹੋਵੇਗੀ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਬੀ ਡੀ ਪੀ ਓ ਜੀਰਾ ਦੇ ਕਹਿਣ ਅਨੁਸਾਰ ਬੋਲੀ ਕਰਵਾਈ ਗਈ ਹੈ ਪਰ ਭਰੋਸੇਯੋਗ ਸੂਤਰਾਂ ਅਨੁਸਾਰ ਕਰਵਾਈ ਗਈ ਬੋਲੀ ਦੀ ਰਕਮ ਹਾਲੇ ਤੱਕ ਕਿਸੇ ਵੀ ਬੈਂਕ ਵਿੱਚ ਜਮਾ ਨਹੀਂ ਹੋਈ!

# ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ ਵਿਖੇ ਪੰਜ ਦਿਨਾਂ ਫੈਕਲਟੀ ਡਿਵੈਲਪਮੈਂਟ ਪ੍ਰੋਗ੍ਰਾਮ ਆਯੋਜਿਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 94636 01616
hardipchumber57@gmail.com

ਬਠਿੰਡਾ, 19 ਜੂਨ ( ਅੰਗਰੇਜ ਸਿੰਘ ਵਿੱਕੀ/ ਬਲਜੀਤ ਸਿੰਘ ਕੋਟਗੁਰੂ)- ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ, ਬਠਿੰਡਾ ਵਿਖੇ 9 ਜੂਨ ਤੋਂ 13 ਜੂਨ, 2025 ਤੱਕ ਅਕਾਦਮਿਕ ਮੁਖੀ ਅਸ਼ਵਨੀ ਕੁਮਾਰ, ਗੁਰਪ੍ਰੀਆਸ ਸਿੰਘ ਅਤੇ ਰਮਨਦੀਪ ਸਿੰਘ ਦੀ ਅਗਵਾਈ ਹੇਠ ਪੰਜ ਦਿਨਾਂ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ (ਐਫ.ਡੀ.ਪੀ.) ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਅਧਿਆਪਨ ਸਟਾਫ ਦੇ ਪੇਸ਼ੇਵਰ ਹੁਨਰ ਅਤੇ ਗਿਆਨ ਨੂੰ ਵਧਾਉਣਾ ਸੀ।ਇਸ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਵਿੱਚ ਰਾਸ਼ਟਰੀ ਸਿੱਖਿਆ ਨੀਤੀ, ਉੱਦਮਤਾ, ਪੇਟੈਂਟ ਫਾਈਲਿੰਗ, ਆਧੁਨਿਕ ਅਧਿਆਪਨ ਸਿੱਖਿਆ ਸ਼ਾਸਤਰ, ਚੈਟਜੀਪੀਟੀ ਵਰਗੇ ਏਆਈ ਟੂਲ, ਸੀਪੀਆਰ ਸਿਖਲਾਈ, ਇਨਕਮ ਟੈਕਸ ਰਿਟਰਨ (ਆਈ.ਟੀ.ਆਰ.) ਭਰਨ, ਮਾਈਕ੍ਰੋਸਾਫਟ ਆਫਿਸ ਅਤੇ ਸਲਾਹ ਦੀ ਮਹੱਤਤਾ ਬਾਰੇ ਮਾਹਿਰ ਸੈਸ਼ਨ ਸ਼ਾਮਲ ਸਨ। ਵੱਖ-ਵੱਖ ਦਿਨਾਂ ਦੌਰਾਨ ਸਤਿਕਾਰਯੋਗ ਬੁਲਾਰਿਆਂ ਵਿੱਚ ਬੀ.ਐਫ.ਜੀ.ਆਈ. ਦੇ ਕੈਂਪਸ ਡਾਇਰੈਕਟਰ ਡਾ.ਐਮ. ਪੀ.ਪੂਨੀਆ, ਸਕੂਲ ਆਫ਼ ਇੰਟਰਪ੍ਰੀਨਿਓਰਸ਼ਿਪ ਦੇ ਮੁਖੀ ਡਾ.ਮਨੀਸ਼ ਗੁਪਤਾ, ਬਾਬਾ ਫ਼ਰੀਦ ਕਾਲਜ ਆਫ਼ ਐਜੂਕੇਸ਼ਨ ਦੀ ਸਹਾਇਕ ਪ੍ਰੋਫੈਸਰ ਰਾਜਵੀਰ ਕੌਰ, ਬਠਿੰਡਾ ਦੇ ਬਲਾਕ ਰਿਸੋਰਸ ਕੋਆਰਡੀਨੇਟਰ ਸੁਖਜਿੰਦਰ ਸਿੰਘ, ਬਾਬਾ ਫ਼ਰੀਦ ਕਾਲਜ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਦੇ ਸਹਾਇਕ ਪ੍ਰੋਫੈਸਰ ਸ਼੍ਰੀ ਦਿਵਾਂਕਰ ਤੋਂ ਇਲਾਵਾ ਸੰਸਥਾ ਦੇ ਮੈਂਟਰਿੰਗ ਐਂਡ ਇੰਮਪਾਵਰਮੈਂਟ ਸੈਂਟਰ ਦੀ ਡੀਨ ਨਵਨਿੰਦਰ ਕੌਰ ਅਤੇ ਬਾਬਾ ਫ਼ਰੀਦ ਸੀਨੀਅਰ ਸੈਕੰਡਰੀ ਸਕੂਲ ਦੇ ਪਵਨਦੀਪ ਸਿੰਘ ਨੇ ਸਰੋਤ ਵਿਅਕਤੀ ਵਜੋਂ ਮਾਹਿਰ ਭਾਸ਼ਣ ਦਿੱਤੇ।ਅਖੀਰਲੇ ਦਿਨ ਇਸ ਪ੍ਰੋਗਰਾਮ ਦੇ ਸਮਾਪਤੀ ਸਮਾਰੋਹ ਦੌਰਾਨ ਡਾ.ਐਮ. ਪੀ.ਪੂਨੀਆ ਨੇ ਭਾਗ ਲੈ ਰਹੇ ਫੈਕਲਟੀ ਮੈਂਬਰਾਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ। ਸਮੂਹ ਭਾਗੀਦਾਰਾਂ ਨੇ ਇਸ ਫੈਕਲਟੀ ਵਿਕਾਸ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਉਪਰਾਲੇ ਨਾਲ ਉਨ੍ਹਾਂ ਦੇ ਅਧਿਆਪਨ ਹੁਨਰ ਅਤੇ ਗਿਆਨ ਵਿੱਚ ਭਰਪੂਰ ਵਾਧਾ ਹੋਇਆ ਹੈ ਜਿਸ ਲਈ ਉਹ ਪ੍ਰਬੰਧਕਾਂ ਦੇ ਧੰਨਵਾਦੀ ਹਨ। ਬੀ.ਐਫ.ਜੀ.ਆਈ. ਦੇ ਚੇਅਰਮੈਨ ਡਾ.ਗੁਰਮੀਤ ਸਿੰਘ ਧਾਲੀਵਾਲ ਅਤੇ ਸਕੂਲ




ਦੇ ਪ੍ਰਿੰਸੀਪਲ ਡਾ.ਬਲਜਿੰਦਰ ਸਿੰਘ ਨੇ ਇਸ ਪਹਿਲਕਦਮੀ ਦੀ ਭਰਪੂਰ ਸ਼ਲਾਘਾ ਕੀਤੀ । ਉਨ੍ਹਾਂ ਨੇ ਫੈਕਲਟੀ ਵਿਕਾਸ ਅਤੇ ਵਿੱਦਿਅਕ ਉੱਤਮਤਾ ਵਿੱਚ ਅਜਿਹੇ ਪ੍ਰੋਗਰਾਮਾਂ ਦੀ ਲੋੜ ਅਤੇ ਭੂਮਿਕਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਉਮੀਦ ਜਤਾਈ ਕਿ ਇਸ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਦਾ ਅਧਿਆਪਨ ਵਿਧੀਆਂ 'ਤੇ ਸਥਾਈ ਪ੍ਰਭਾਵ ਪਵੇਗਾ ਜਿਸ ਦਾ ਭਰਪੂਰ ਲਾਭ ਵਿਦਿਆਰਥੀ ਭਾਈਚਾਰੇ ਨੂੰ ਹੋਵੇਗਾ।

# ਵੀ ਆਈ ਪੀ ਕਿਸਾਨ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ
INTERNATIONAL PAPER, 94636 01616
hardipchumber57@gmail.com

ਇੱਕ ਪਾਸੇ ਤਾਂ ਕਿਸਾਨ ਹਰ ਵੇਲੇ ਸਰਕਾਰ ਨੂੰ ਕੋਸਦੇ ਨਹੀਂ ਥੱਕਦੇ ਕੇ ਸਰਕਾਰ ਵੀ ਆਈ ਪੀ ਕਲਚਰ ਛੱਡ ਕਿਓ ਨਹੀਂ ਰਹੀ। ਸਰਕਾਰ ਨੇ ਤਾਂ ਆਪਣੇ ਪੱਧਰ ਤੇ ਪਹਿਲਾਂ ਦੇ ਮੁਕਾਬਲੇ ਕਾਫ਼ੀ ਹੱਦ ਤੱਕ ਵੀ ਆਈ ਪੀ ਕਲਚਰ ਘਟਾ ਦਿੱਤਾ ਹੈ। ਪ੍ਰੰਤੂ ਆਪਣੇ ਆਪ ਨੂੰ ਗਰੀਬ ਤੇ ਸਾਦੇ ਅਖਵਾਉਣ ਵਾਲੇ ਕਾਫੀ ਸਾਰੇ ਕਿਸਾਨਾਂ ਨੇ ਆਪਣੇ ਟਰੈਕਟਰਾਂ ਉੱਪਰ ਵੱਡੇ ਵੱਡੇ ਸਪੀਕਰ ਲਗਾਉਣ ਦੇ ਨਾਲ ਨਾਲ ਲਾਲ/ਪੀਲੀਆਂ ਬੱਤੀਆਂ ਵੀ ਲਗਾਈਆਂ ਹੋਈਆਂ । ਜੋ ਕਿ ਕਿਸੇ ਵੀ ਆਈ ਪੀ ਬਣਨ ਤੋਂ ਘੱਟ ਨਹੀਂ ਕਿਹਾ ਜਾ ਸਕਦਾ। ਇਸ ਤੋਂ ਇਲਾਵਾ ਬਹੁਤ ਜਿਆਦਾ ਉੱਚੀ ਆਵਾਜ਼ ਵਿੱਚ ਸਪੀਕਰ ਸਰੇਆਮ ਵਜਾਕੇ ਆਮ ਲੋਕਾਂ ਦੇ ਨੱਕ ਵਿੱਚ ਦਮ ਕਰੀ ਰੱਖਦੇ ਹਨ। ਅਜਿਹਾ ਸਭ ਕੁੱਝ ਪੂਰੇ ਪੰਜਾਬ ਵਿੱਚ ਪ੍ਰਸ਼ਾਸ਼ਨ ਦੇ ਨੱਕ ਹੇਠ ਸ਼ਰੇਆਮ ਹੀ ਨਿੱਤ ਦਿਨ ਹੋ ਰਿਹਾ ਹੈ। ਪ੍ਰੰਤੂ ਪ੍ਰਸ਼ਾਸ਼ਨ ਮੂਕ ਦਰਸ਼ਕ ਬਣਕੇ ਤਮਾਸ਼ਾ ਵੇਖ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਬਿਨਾਂ ਕਿਸੇ ਮਨਜ਼ੂਰੀ ਦੇ ਟਰੈਕਟਰਾਂ ਤੇ ਲਾਲ/ਪੀਲੀਆਂ ਬੱਤੀਆਂ ਲਗਾਉਣ ਵਾਲੇ ਲੋਕਾਂ ਤੇ ਸਖ਼ਤ ਸਖ਼ਤ ਤੋਂ ਕਾਨੂੰਨੀ ਕਾਰਵਾਈ ਕਰਕੇ, ਚੰਗੇ ਨਾਗਰਿਕਾਂ ਨੂੰ ਸਕੂਨ ਦੀ ਜ਼ਿੰਦਗੀ ਜਿਉਣ ਦਾ ਹੱਕ ਜ਼ਰੂਰ ਦਿੱਤਾ ਜਾਵੇ।

ਅੰਗਰੇਜ ਸਿੰਘ ਵਿੱਕੀ ਕੋਟਗੁਰੂ,
ਪਿੰਡ ਤੇ ਡਾਕ. ਕੋਟਗੁਰੂ (ਬਠਿੰਡਾ),

# ਡਿਪਟੀ ਕਮਿਸ਼ਨਰ ਵੱਲੋਂ ਉਦਯੋਗਪਤੀਆਂ ਨਾਲ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ

## ਉਦਯੋਗ ਅਤੇ ਵਿਕਾਸ ਪਾਲਿਸੀ ਤਹਿਤ ਮਿਲਣ ਵਾਲੇ ਪ੍ਰੋਤਸਾਹਨ ਬਾਰੇ ਉਦਯੋਗਪਤੀਆਂ ਨੂੰ ਕਰਵਾਇਆ ਜਾਣੂ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com



ਮਾਨਸਾ, 19 ਜੂਨ: (ਆਤਮਾ ਸਿੰਘ ਪਮਾਰ) ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ ਵੱਲੋਂ ਉਦਯੋਗਪਤੀਆਂ ਨਾਲ ਜ਼ਿਲ੍ਹਾ ਪੱਧਰੀ ਕਮੇਟੀ ਦੀ ਮੀਟਿੰਗ ਦਾ ਆਯੋਜਨ ਕੀਤਾ ਗਿਆ।

ਇਸ ਦੌਰਾਨ ਡਿਪਟੀ ਕਮਿਸ਼ਨਰ ਵੱਲੋਂ ਮੈਸ. ਨਵੇਤੀਆ ਇੰਡਸਟਰੀਜ਼ ਅਤੇ ਮੈਸ. ਏ.ਜੀ.ਐਚ. ਬਾਇਓਫਿਊਲਜ਼ ਦੇ ਇਲੈਕਟ੍ਰਿਸਿਟੀ ਡਿਊਟੀ ਦੇ ਪ੍ਰੋਤਸਾਹਨ ਪ੍ਰਵਾਨ ਕੀਤੇ ਗਏ।

ਉਨ੍ਹਾਂ ਉਦਯੋਗ ਅਤੇ ਵਿਕਾਸ ਪਾਲਿਸੀ 2022 ਤਹਿਤ ਦਿੱਤੇ ਜਾ ਰਹੇ ਪ੍ਰੋਤਸਾਹਨ ਜਿਵੇਂ ਕਿ ਸਟੇਟ ਟੈਕਸ ਵਿੱਚ ਛੋਟ, ਬਿਜਲੀ ਕਰ ਵਿੱਚ ਛੋਟ ਅਤੇ ਸਟੈਂਪ ਡਿਊਟੀ ਤੋਂ ਛੋਟ ਬਾਰੇ ਜਾਣਕਾਰੀ ਦਿੱਤੀ।

ਡਿਪਟੀ ਕਮਿਸ਼ਨਰ ਨੇ ਉਦਯੋਗਪਤੀਆਂ ਨੂੰ ਇਸ ਪਾਲਿਸੀ ਅਧੀਨ ਮਿਲਣ ਵਾਲੇ ਪ੍ਰੋਤਸਾਹਨ ਦਾ ਲਾਭ ਲੈਣ ਲਈ ਜ਼ਿਲ੍ਹਾ ਉਦਯੋਗ ਕੇਂਦਰ, ਮਾਨਸਾ ਨਾਲ ਸੰਪਰਕ ਕਰਨ ਲਈ ਕਿਹਾ।

ਇਸ ਮੌਕੇ ਸ. ਸੁਤੰਤਰਜੋਤ ਸਿੰਘ, ਜਨਰਲ ਮੈਨੇਜਰ, ਫੰਕਸ਼ਨਲ ਮੈਨੇਜਰ ਸ. ਪਰਮਿੰਦਰ ਸਿੰਘ, ਰਾਹੁਲ ਗਰਗ, ਸ਼ੰਕਰ ਗੋਇਲ, ਮਨੋਜ ਕੁਮਾਰ, ਅਸ਼ਵਨੀ ਕੇਰਪਾਲ ਅਤੇ ਹੋਰ ਵੱਖ-ਵੱਖ ਵਿਭਾਗਾਂ ਦੇ ਨੁਮਾਇੰਦੇ ਮੌਜੂਦ ਸਨ।

# ਫਤਿਹਾਬਾਦ ਦੇ ਪਿੰਡ ਮਹਿਮਦਪੁਰ ਰੋਹੀ ਵਿੱਚ ਗੈਰ-ਕਾਨੂੰਨੀ ਪਾਣੀ ਦੇ ਕੁਨੈਕਸ਼ਨ ਕੱਟੇ ਗਏ ਅਤੇ ਨੋਟਿਸ ਜਾਰੀ ਕੀਤੇ ਗਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com



ਫਤਿਹਾਬਾਦ/ਸੁਨੀਲ ਕੁਮਾਰ

ਜਨ ਸਿਹਤ ਇੰਜੀਨੀਅਰਿੰਗ ਵਿਭਾਗ ਬਲਾਕ ਫਤਿਹਾਬਾਦ ਨੇ ਅੱਜ ਪਿੰਡ ਮਹਿਮਦਪੁਰ ਰੋਹੀ ਵਿੱਚ ਗੈਰ-ਕਾਨੂੰਨੀ ਪਾਣੀ ਦੇ ਕੁਨੈਕਸ਼ਨ ਕੱਟੇ ਅਤੇ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ। ਬਲਾਕ ਕੋਆਰਡੀਨੇਟਰ ਮਦਨ ਸੈਣੀ ਨੇ ਪਿੰਡ ਵਿੱਚ ਘਰ-ਘਰ ਜਾ ਕੇ ਪਾਣੀ ਦੀਆਂ ਟੂਟੀਆਂ ਦੀ ਜਾਂਚ ਕੀਤੀ ਅਤੇ ਜਿੱਥੇ ਵੀ ਪਾਣੀ ਖੁੱਲ੍ਹਾ ਵਗਦਾ ਪਾਇਆ ਗਿਆ, ਉੱਥੇ ਕੁਨੈਕਸ਼ਨ ਕੱਟ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਨੋਟਿਸ ਜਾਰੀ ਕੀਤੇ ਗਏ। ਪਿੰਡ ਵਿੱਚ ਇੱਕ ਨਹਿਰੀ ਵਾਟਰ ਵਰਕਸ ਹੈ ਅਤੇ ਕੁਝ ਲੋਕ ਵਾਟਰ ਵਰਕਸ ਚੈਨਲ ਦੇ ਗਮਲਿਆਂ ਨਾਲ ਪਾਈਪਾਂ ਜੋੜ ਕੇ ਸਬਜ਼ੀਆਂ ਨੂੰ ਪਾਣੀ ਦੇ ਰਹੇ ਸਨ, ਜਿਨ੍ਹਾਂ ਵਿਰੁੱਧ ਨੋਟਿਸ ਜਾਰੀ ਕੀਤਾ ਗਿਆ ਅਤੇ ਕਾਰਵਾਈ ਵੀ ਕੀਤੀ ਗਈ। ਪਾਣੀ ਬਚਾਉਣ ਲਈ ਪਿੰਡ ਵਿੱਚ ਇੱਕ ਜਨ ਜਾਗਰੂਕਤਾ ਮੁਹਿੰਮ ਵੀ ਚਲਾਈ ਗਈ ਜਿਸ ਵਿੱਚ ਪਿੰਡ ਵਾਸੀਆਂ ਨੂੰ ਪੀਣ ਵਾਲੇ ਪਾਣੀ ਦੀ ਸੁਚੱਜੀ ਵਰਤੋਂ ਕਰਨ ਅਤੇ ਆਪਣੇ ਘਰਾਂ ਵਿੱਚ ਟੂਟੀਆਂ 'ਤੇ ਟੇਪ ਲਗਾਉਣ ਦੀ ਅਪੀਲ ਕੀਤੀ ਗਈ ਤਾਂ ਜੋ ਪਾਣੀ ਦੀ ਬਰਬਾਦੀ ਨੂੰ ਰੋਕਿਆ ਜਾ ਸਕੇ। ਇਸ ਦੇ ਨਾਲ ਹੀ ਕਰਮਚਾਰੀਆਂ ਨੇ ਘਰ-ਘਰ ਜਾ ਕੇ ਉਨ੍ਹਾਂ ਘਰਾਂ ਦੀ ਚੋਣ ਕੀਤੀ ਜਿਨ੍ਹਾਂ ਵਿੱਚ ਪੀਣ ਵਾਲੇ ਪਾਣੀ ਦੀਆਂ ਟੂਟੀਆਂ ਨੂੰ ਬੰਦ ਕਰਨ ਲਈ ਟੇਪ ਨਹੀਂ ਸੀ। ਇਸ ਮੌਕੇ ਬਲਾਕ ਕੋਆਰਡੀਨੇਟਰ ਮਦਨ ਸੈਣੀ, ਕਰਮਚਾਰੀ ਸੁਭਾਸ਼ ਚੰਦਰ, ਸੰਤ ਕੁਮਾਰ, ਜਗਦੀਸ਼ ਕੁਮਾਰ ਮੌਕੇ 'ਤੇ ਮੌਜੂਦ ਸਨ।

# ਨਸ਼ੇ ਵੇਚਣ ਅਤੇ ਖਰੀਦਣ ਵਾਲਿਆਂ ਦਾ ਵਿਰੋਧ ਕੀਤਾ ਜਾਵੇਗਾ। ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦੇਣ ਵਾਲਿਆਂ ਨੂੰ ਸਨਮਾਨਿਤ ਕੀਤਾ ਜਾਵੇਗਾ।

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com



ਰਤੀਆ/ਸੁਨੀਲ ਕੁਮਾਰ

ਡਾ. ਭੀਮ ਰਾਓ ਅੰਬੇਡਕਰ ਕਲੱਬ, ਪਿੰਡ ਕਲੋਥਾ ਅਤੇ ਅਲੀਕਾ ਦੀ ਪੰਚਾਇਤ ਅਤੇ ਵੱਖ-ਵੱਖ ਸੰਗਠਨਾਂ ਨੇ ਨਸ਼ਿਆਂ ਵਿਰੁੱਧ ਰਾਧਾ ਕ੍ਰਿਸ਼ਨ ਮੰਦਰ ਵਿੱਚ ਇੱਕ ਜਨਤਕ ਮੀਟਿੰਗ ਦਾ ਆਯੋਜਨ ਕੀਤਾ ਜਿਸ ਵਿੱਚ ਨਸ਼ੇ ਖਰੀਦਣ ਵਾਲਿਆਂ ਅਤੇ ਨਸ਼ਾ ਤਸਕਰਾਂ ਦਾ ਸਮਰਥਨ ਕਰਨ ਵਾਲਿਆਂ ਦਾ ਵਿਰੋਧ ਕਰਨ ਦਾ ਫੈਸਲਾ ਕੀਤਾ ਗਿਆ। ਪਿੰਡ ਵਿੱਚ ਵੱਧ ਰਹੇ ਮੈਡੀਕਲ ਨਸ਼ੇ ਦੇ ਵਿਰੋਧ ਵਿੱਚ, ਡਾ. ਭੀਮ ਰਾਓ ਅੰਬੇਡਕਰ ਕਲੱਬ ਅਤੇ ਵੱਖ-ਵੱਖ ਸੰਗਠਨ ਮੈਡੀਕਲ ਦਵਾਈਆਂ ਖਰੀਦਣ ਅਤੇ ਵੇਚਣ ਵਾਲਿਆਂ ਦਾ ਬਾਈਕਾਟ ਕਰਨਗੇ। ਨਾਲ ਹੀ, ਨਸ਼ੇ ਵੇਚਦੇ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਪ੍ਰਸ਼ਾਸਨ ਉਨ੍ਹਾਂ ਨੂੰ ਗ੍ਰਿਫ਼ਤਾਰ ਕਰੇਗਾ ਅਤੇ ਬਾਈਕਾਟ ਕਰੇਗਾ। ਨਸ਼ਾ ਤਸਕਰਾਂ ਬਾਰੇ ਜਾਣਕਾਰੀ ਦੇਣ ਵਾਲੇ ਵਿਅਕਤੀ ਨੂੰ ਕਲੱਬ ਅਤੇ ਪਿੰਡ ਵਾਸੀਆਂ ਵੱਲੋਂ ਸਨਮਾਨਿਤ ਕੀਤਾ ਜਾਵੇਗਾ। ਨਾਲ ਹੀ, ਨਸ਼ਾ ਵੇਚਣ ਵਾਲਿਆਂ ਦਾ ਪਤਾ ਦੇਣ ਵਾਲੇ ਵਿਅਕਤੀ ਦਾ ਨਾਮ ਵੀ ਗੁਪਤ ਰੱਖਿਆ ਜਾਵੇਗਾ ਅਤੇ ਪ੍ਰਸ਼ਾਸਨ ਸਹਿਯੋਗ ਕਰਨ ਲਈ ਉਸਨੂੰ ਸਨਮਾਨਿਤ ਵੀ ਕਰੇਗਾ।

ਇਸ ਮੌਕੇ ਇੱਕ ਯੂਨਿਟ ਬਣਾਈ ਗਈ ਅਤੇ ਪਿੰਡ ਦੇ ਸਾਰੇ ਮੈਡੀਕਲ ਸਟੋਰਾਂ ਦਾ ਦੌਰਾ ਕਰਕੇ ਸਮਝਾਇਆ ਗਿਆ ਕਿ ਜੇਕਰ ਕੋਈ ਵੀ ਨਸ਼ਾ ਵੇਚਦਾ ਪਾਇਆ ਗਿਆ ਤਾਂ ਉਸ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਸਾਬਕਾ ਸਰਪੰਚ ਸਾਹਬ ਸਿੰਘ, ਦੀਪਕ ਮਹਿਤਾ, ਸਰਪੰਚ ਸੁਰੇਸ਼ ਕੁਮਾਰ, ਸਰਪੰਚ ਮੁਰਾਰੀ ਲਾਲ ਕਲੋਥਾ, ਅਸ਼ੋਕ ਨੰਬਰਦਾਰ, ਧਰਮ ਚੰਦ, ਬਾਬੂ ਰਾਮ ਮਿਸਤਰੀ, ਡਾ: ਅਨਿਲ ਅਨੇਜਾ, ਡਾ: ਵਕੀਲ ਦਹੀਆ ਅਤੇ ਕੇਵਲ ਅਰੋੜਾ, ਬੰਸੀ ਲਾਲ, ਬਲੀਆ ਬੰਤ ਸਿੰਘ, ਸੁਸ਼ੀਲ ਕੁਮਾਰ, ਪਵਨ, ਜੌਹਨ ਅਲੀ ਜੌਹਨ, ਦੀਪ ਕੁਮਾਰ, ਜੌਹਨ ਅਲੀ ਖਾਨ, ਦੀਪਿਕਾ ਜੌਹਨ ਸਿੰਘ, ਡਾ. ਕੁਲਦੀਪ ਖਾਨ ਸੁਨੀਲ, ਲਵਲੀ, ਪ੍ਰਹਿਲਾਦ ਵਰਮਾ, ਵਕੀਲ ਪਾਟਿਲ ਅਤੇ ਸੈਂਕੜੇ ਪਿੰਡ ਵਾਸੀ ਹਾਜ਼ਰ ਸਨ।

# ਮਾਨਸਾ ਜ਼ਿਲ੍ਹੇ ਨੂੰ ਮਿਲੀ ਅਤਿ ਆਧੁਨਿਕ ਨਵੀ ਐਂਬੂਲੈਂਸ ਨੂੰ ਝੰਡੀ ਦੇ ਕੇ ਕੀਤਾ ਰਵਾਨਾ

## ਐਮਰਜੈਂਸੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਸਹਾਈ ਹੋਵੇਗੀ ਆਧੁਨਿਕ ਉਪਕਰਨਾਂ ਨਾਲ ਲੈੱਸ ਐਂਬੂਲੈਂਸ- ,,ਡਾ.ਰਾਏ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com




ਮਾਨਸਾ, 19 ਜੂਨ: (ਆਤਮਾ ਸਿੰਘ ਪਮਾਰ) ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਅੰਦਰ ਸਿਹਤ ਸੇਵਾਵਾਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਾਰਜਸ਼ੀਲ ਹੈ। ਸੂਬਾ ਸਰਕਾਰ ਦੇ ਉਪਰਾਲਿਆਂ ਸਦਕਾ ਲੋਕਾਂ ਨੂੰ ਐਮਰਜੈਂਸੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਪੂਰੇ ਪੰਜਾਬ ਅੰਦਰ 46 ਨਵੀਆਂ ਅਤਿ ਆਧੁਨਿਕ ਐਂਬੂਲੈਂਸਾਂ ਦਿੱਤੀਆਂ ਗਈਆਂ ਹਨ। ਜਿਸ ਤਹਿਤ ਇਕ ਐਂਬੂਲੈਂਸ ਜ਼ਿਲ੍ਹਾ ਮਾਨਸਾ ਲਈ ਵੀ ਪ੍ਰਾਪਤ ਹੋਈ ਹੈ, ਜਿਸ ਨੂੰ ਅੱਜ ਸਿਵਲ ਸਰਜਨ ਡਾ. ਰਣਜੀਤ ਸਿੰਘ ਰਾਏ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਸਿਵਲ ਸਰਜਨ ਨੇ ਕਿਹਾ ਕਿ ਅਤਿ ਆਧੁਨਿਕ ਮੈਡੀਕਲ ਉਪਕਰਨਾਂ ਨਾਲ ਲੈੱਸ ਇਸ ਐਂਬੂਲੈਂਸਾ ਦਾ ਐਮਰਜੈਂਸੀ ਦੌਰਾਨ ਮਰੀਜ਼ਾਂ ਨੂੰ ਵੱਡਾ ਫਾਇਦਾ ਹੋਵੇਗਾ ਕਿਉਂਕਿ ਇਨ੍ਹਾਂ ਵਿੱਚ ਆਕਸੀਜਨ, ਜੀਵਨ ਰੱਖਿਅਕ ਦਵਾਈਆਂ, ਤੁਰੰਤ ਰਿਸਪਾਂਸ ਨੂੰ ਯਕੀਨੀ ਬਣਾਉਣ ਲਈ ਜੀ.ਪੀ.ਐੱਸ. ਅਧਾਰਤ ਟਰੈਕਿੰਗ ਸਿਸਟਮ ਸ਼ਾਮਿਲ ਹੈ।

ਡਿਪਟੀ ਮੈਡੀਕਲ ਕਮਿਸ਼ਨਰ ਨੇ ਦੱਸਿਆ ਕਿ ਫਰਿਸ਼ਤੇ ਸਕੀਮ ਦੇ ਅਧੀਨ ਰੋਡ ਸਾਈਡ ਐਕਸੀਡੈਂਟ ਕੇਸ ਨੂੰ ਹਸਪਤਾਲ ਤੱਕ ਪਹੁੰਚਾਉਣ ਲਈ ਵਿੱਤੀ ਸਹਾਇਤਾ ਦੇ ਨਾਲ ਨਾਲ ਮਰੀਜ਼ ਦੀ ਸੁਰੱਖਿਆ ਲਈ ਪੰਜਾਬ ਸਰਕਾਰ ਵੱਲੋਂ ਹਰ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਜੋ ਰੋਡ ਐਕਸੀਡੈਂਟ ਵਿੱਚ ਕਿਸੇ ਵੀ ਵਿਅਕਤੀ ਦੀ ਕੀਮਤੀ ਜਾਨ ਨਾ ਜਾਵੇ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਸੀ ਐਚ ਸੀ ਝੁਨੀਰ ਵਿਖੇ ਵੀ ਇੱਕ ਐਮਬੂਲੈਂਸ ਨਵੀਂ ਆਈ ਹੈ।

ਇਸ ਮੌਕੇ ਡਾ. ਰਵਿੰਦਰ ਸਿੰਗਲਾ ਸਹਾਇਕ ਸਿਵਲ ਸਰਜਨ,ਡਾ ਕੰਵਲਪ੍ਰੀਤ ਬਰਾੜ ਜ਼ਿਲ੍ਹਾ ਪਰਿਵਾਰ ਭਲਾਈ ਅਫ਼ਸਰ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਵਿਜੇ ਕੁਮਾਰ, ਉਪ ਸਮੂਹ ਸਿੱਖਿਆ ਦੇ ਸੂਚਨਾ ਅਫ਼ਸਰ ਦਰਸ਼ਨ ਸਿੰਘ, ਪ੍ਰਤਾਪ ਸਿੰਘ ਸੁਪਰਡੈਂਟ, ਸੰਦੀਪ ਸਿੰਘ ਸੀਨੀਅਰ ਸਹਾਇਕ ਤੋਂ ਇਲਾਵਾ ਰਮੇਸ਼ਵਰ ਲਾਲ ਈ ਐਮ ਪੀ,ਪਾਇਲਟ ਸੁਰਿੰਦਰ ਸਿੰਘ ਅਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਵੀ ਮੌਜੂਦ ਸਨ।

# ਧੀ ਵਲੋਂ ਆਪਣੇ ਜਨਮ ਦਿਨ ਮੌਕੇ ਸਕੂਲ ਚ,ਅੰਬ ਦਾ ਬੂਟਾ ਲਗਾਇਆ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com



ਗੜ੍ਹਸ਼ੰਕਰ 19 ਜੂਨ ( ਬਲਵੀਰ ਚੌਪੜਾ ) ਪ੍ਰਭਜੋਤ ਸਪੁੱਤਰੀ ਜਸਵੀਰ ਝੱਲੀ ( ਪੱਤਰਕਾਰ ) ਵਾਸੀ ਬਡੇਸਰੋਂ ਨੇ ਆਪਣੇ ਜਨਮ ਦਿਨ ਮੌਕੇ ਸਕੂਲ ਦੀ ਪੁਰਾਣੀ ਯਾਦ ਨੂੰ ਤਾਜ਼ਾ ਰੱਖਦਿਆਂ ਨੰਬਰਦਾਰ ਕਰਮ ਚੰਦ ਪਬਲਿਕ ਹਾਈ ਸਕੂਲ ਸਤਨੌਰ ਵਿਖੇ ਅੰਬ ਦਾ ਬੂਟਾ ਲਗਾਇਆ l ਸਾਡਾ ਸਾਰਿਆਂ ਦਾ ਫ਼ਰਜ਼ ਬਣਦਾ ਹੈ ਕਿ ਅਸੀਂ ਹਰ ਕੋਈ ਇਕ ਦਰੱਖ਼ਤ ਜ਼ਰੂਰ ਲਗਾਈਏ ਤਾਂ ਕਿ ਸਾਡਾ ਵਾਤਾਵਰਨ ਸਾਫ ਸੁਥਰਾ ਅਤੇ ਹਰਿਆਲੀ ਭਰਿਆ ਰਹੇ l ਇਸ ਮੌਕੇ ਪ੍ਰਿੰਸਪਲ ਸੁਰਜੀਤ ਕੁਮਾਰ ਨੇ ਜਿੱਥੇ ਪ੍ਰਭਜੋਤ ਨੂੰ ਜਨਮ ਦਿਨ ਦੀ ਮੁਬਾਰਕਬਾਦ ਦਿੱਤੀ ਉੱਥੇ ਇਹ ਵੀ ਕਿਹਾ ਕਿ ਆਉਣ ਵਾਲੇ ਬਰਸਾਤ ਦੇ ਮੌਸਮ ਵਿੱਚ ਵੱਧ ਤੋਂ ਵੱਧ ਰੁੱਖ ਲਗਾਏ ਜਾਣ l ਇਸ ਮੌਕੇ ਪ੍ਰਿੰਸਪਲ ਸੁਰਜੀਤ ਕੁਮਾਰ, ਮੈਡਮ ਨਿਰਮਲਾ ਦੇਵੀ, ਰਾਜ ਕੁਮਾਰ ਆਦਿ ਹਾਜ਼ਰ ਸਨ l

# ਏਅਰ ਫੋਰਸ ਸਟੇਸ਼ਨ ਹਲਵਾਰਾ ਵਿਖੇ ਮਨਾਇਆ ਗਿਆ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 19 ਜੂਨ INTERNATIONAL PAPER, 94636 01616 hardipchumber57@gmail.com






ਅੱਜ ਏਅਰ ਫੋਰਸ ਸਟੇਸ਼ਨ ਹਲਵਾਰਾ (Pun-jab) ਵਿਖੇ 'ਇੱਕ ਧਰਤੀ, ਇੱਕ ਸਿਹਤ ਲਈ ਯੋਗ' ਥੀਮ ਵਾਲਾ 11ਵਾਂ ਅੰਤਰਰਾਸ਼ਟਰੀ ਯੋਗ ਦਿਵਸ (IDY) ਮਨਾਇਆ ਗਿਆ। ਵਾਯੂ ਯੋਧਿਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਯੋਗ ਸਮਾਗਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਹਵਾਈ ਯੋਧਿਆਂ ਨੇ ਆਪਣੀ ਮੁਹਾਰਤ ਨਾਲ ਯੋਗ ਇੰਸਟ੍ਰਕਟਰ ਵਜੋਂ ਸਿਖਲਾਈ ਲਈ ਅਤੇ ਸਾਂਝੇ ਯੋਗ ਪ੍ਰੋਟੋਕੋਲ ਦੀ ਪਾਲਣਾ ਕਰਕੇ ਸਮੂਹਿਕ ਯੋਗ ਗਤੀਵਿਧੀਆਂ ਦਾ ਸੰਚਾਲਨ ਕੀਤਾ।

# ਬਾਬਾ ਸਾਹਿਬ ਵਲੋਂ ਲੜਕੀਆ ਨੂੰ ਦਿੱਤੇ ਵਿੱਦਿਆਂ ਦੇ ਅਧਿਕਾਰ ਨੇ ਡਾ. ਤੀਰਥ ਬਾਲਾ ਵਰਗੀਆਂ ਲੜਕੀਆਂ ਨੂੰ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਅਜ਼ਾਦੀ ਦਿੱਤੀ... ਧਰਮ ਪਾਲ ਤਲਵੰਡੀ

“Equality and justice”
Patiala 19 June
INTERNATIONAL PAPER, 94636 01616
hardipchumber57@gmail.com



(ਚਰਨਜੀਤ ਸੱਲ) ਧੰਨ ਬਾਬਾ ਸ਼ਹੀਦ ਗੋਂਦੜੀਆ ਸਿੰਘ ਜੀ ਤਲਵੰਡੀ ਜੱਟਾਂ ਵਿਖੇ ਸ਼ਹੀਦੀ ਜੋੜ ਮੇਲਾ ਕਰਾਇਆ ਗਿਆ ਜਿਸ ਵਿੱਚ ਗੁਰ ਤੀਰਥ ਨਰਸਿੰਗ ਹੋਮ ਅਮਲੋਹ ਵਲੋਂ ਡਾਕਟਰ ਤੀਰਥ ਬਾਲਾ MD ਗਾਈਨੀ ਅਤੇ ਡਾਕਟਰ ਗੁਰਸ਼ਰਨ ਸਿੰਘ MD ਰੇਡੀਓਲੋਜੀ ਵੱਲੋਂ ਫਰੀ ਮੈਡੀਕਲ ਚੈਕ ਕੈਂਪ ਲਗਾਇਆ ਗਿਆ ਮਰੀਜ਼ਾਂ ਦਾ ਚੈੱਕ ਅਪ ਕਰਕੇ ਫਰੀ ਦਵਾਈਆਂ ਦਿੱਤੀਆਂ ਗਈਆਂ ਇਸ ਮੌਕੇ ਤੇ ਉਹਨਾਂ ਦੇ ਮੈਨੇਜਰ ਅਮਨ ਸ਼ਰਮਾ ot ਇਨਚਾਰਜ ਹਰਪ੍ਰੀਤ ਕੌਰ ਅਤੇ ਸਟਾਫ ਹਾਜਰ ਸਨ ਜਿਕਰ ਯੋਗ ਹੈ ਕਿ ਡਾਂ ਤੀਰਥ ਬਾਲਾ ਸਮਾਜ ਸੇਵਾ ਅਤੇ ਸਿਹਤ ਸੇਵਾਵਾਂ ਵਿੱਚ ਆਪਣਾ ਯੋਗਦਾਨ ਪਾ ਰਹੇ ਹਨ ਉੱਥੇ ਬਾਬਾ ਸਾਹਿਬ , ਸਾਹਿਬ ਕਾਸ਼ੀ ਰਾਮ ਦੇ ਮਿਸ਼ਨ ਨੂੰ ਮੰਜ਼ਿਲ ਤੱਕ ਪਹੁੰਚਣ ਲਈ ਜਤਨ ਕਰ ਰਹੇ ਹਨ ਇਸ ਮੌਕੇ ਤੇ ਡਾਕਟਰ ਤੀਰਥ ਬਾਲਾ ਨੇ ਕਿਹਾ ਹੈ ਕਿ ਸਾਨੂੰ ਚੰਗੇ ਸਮਾਜ ਦੀ ਸਿਰਜਣਾ ਲਈ ਬੱਚਿਆਂ ਦੀ ਸਿੱਖਿਆ ਅਤੇ ਸਿਹਤ ਵੱਲ ਧਿਆਨ ਦੇਣਾ ਚਾਹੀਦਾ ਹੈ ਇਸ ਮੌਕੇ ਤੇ ਧਰਮਪਾਲ ਤਲਵੰਡੀ ਨੇ ਆਖਿਆ ਕਿ ਬਾਬਾ ਸਾਹਿਬ ਅੰਬੇਡਕਰ ਵਲੋਂ ਦਿੱਤੇ ਅਧਿਕਾਰ ਨੇ ਡਾਕਟਰ ਤੀਰਥ ਬਾਲਾ ਵਰਗੀਆਂ ਲੜਕੀਆਂ ਨੂੰ ਧਾਰਮਿਕ , ਸਮਾਜਿਕ ਆਰਥਿਕ ਅਤੇ ਰਾਜਨੀਤਿਕ ਆਜ਼ਾਦੀ ਦਿੱਤੀ ਹੈ ਮੌਕੇ ਤੇ ਧੰਨਵਾਦ ਕਰਨ ਵਾਲਿਆਂ ਵਿੱਚ ਸਾਬਕਾ ਸਰਪੰਚ ਹਰਭਜਨ ਰਾਮ ਕਲਸੀ, ਹਰਮੀਕ ਰਾਏ ਬਹਿਰਾਮ ਸੀਬੂ ਰਾਮ ਕਲਸੀ, ਡਾਕਟਰ ਮੋਹਨ ਲਾਲ, ਰਾਮ ਕਲਸੀ , ਸਾਬਕਾ ਸਰਪੰਚ ਮਹਿੰਦਰ ਕੌਰ ,ਅਮਨਦੀਪ ਅਤੇ ਹੋਰ ਬਹੁਤ ਸਾਰੇ ਹਾਜਰ ਸਨ

# ਕੈਨੇਡਾ ‘ਚ ਫਿਰੌਤੀ, ਲੁੱਟ, ਚੋਰੀ ਤੇ ਧੋਖਾਧੜੀ ਦੇ ਦੋਸ਼ ‘ਚ 16 ਭਾਰਤੀ ਗ੍ਰਿਫ਼ਤਾਰ

“Equality and justice”
Patiala 19 June
INTERNATIONAL PAPER, 94636 01616
hardipchumber57@gmail.com



ਵੈਨਕੂਵਰ, 18 ਜੂਨ (ਪੰਜਾਬ ਮੇਲ)- ਪੀਲ ਪੁਲਿਸ ਨੇ ਪ੍ਰੋਜੈਕਟ ਆਊਟਸੋਰਸ ਅਧੀਨ ਲੰਮੀ ਜਾਂਚ ਪੜਤਾਲ ਤੋਂ ਬਾਅਦ ਫਿਰੌਤੀਆਂ, ਲੁੱਟਮਾਰ, ਚੋਰੀਆਂ ਤੇ ਧੋਖਾਧੜੀ ਕਰਨ ਵਾਲੇ ਦੋ ਗਰੋਹਾਂ ਦੇ 18 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵਿਚ 16 ਭਾਰਤੀ ਮੂਲ ਦੇ ਅਤੇ ਇੱਕ ਔਰਤ ਸ਼ਾਮਲ ਹੈ। ਇਨ੍ਹਾਂ ਤੋਂ ਕਰੀਬ 27 ਕਰੋੜ ਰੁਪਏ (42 ਲੱਖ ਡਾਲਰ) ਦਾ ਸਮਾਨ ਬਰਾਮਦ ਕੀਤਾ ਗਿਆ, ਜੋ ਇਨ੍ਹਾਂ ਨੇ ਵੱਖ ਵੱਖ ਅਪਰਾਧ ਕਰ ਕੇ ਇਕੱਠਾ ਕੀਤਾ ਸੀ।

ਪੀਲ ਅਤੇ ਛੇ ਹੋਰਨਾਂ ਖੇਤਰਾਂ ਵਿਚ ਦਰਜ 97 ਅਪਰਾਧਿਕ ਮਾਮਲਿਆਂ ਵਿਚ ਨਾਮਜ਼ਦ ਕਰਕੇ ਦੋਸ਼ ਪੱਤਰ ਤਿਆਰ ਕੀਤਾ ਗਿਆ ਹੈ। ਕਾਬੂ ਕੀਤੇ ਗਏ ਡੇਢ ਦਰਜਨ ਮੁਲਜ਼ਮਾਂ ਵਿਚੋਂ ਅੱਧੇ ਕੁ ਪਹਿਲਾਂ ਹੀ ਹੋਰਨਾਂ ਅਪਰਾਧਿਕ ਮਾਮਲਿਆਂ ਵਿਚ ਜ਼ਮਾਨਤ ‘ਤੇ ਸਨ। ਜਾਂਚ ਪੂਰੀ ਹੋਣ ਤੱਕ ਉਨ੍ਹਾਂ ਤੋਂ ਹੋਰ ਪੁੱਛਗਿੱਛ ਕਰਕੇ ਅਦਾਲਤ ਵਿਚ ਪੇਸ਼ ਕੀਤਾ ਜਾਵੇਗਾ। ਪੁਲਿਸ ਚੀਫ ਨਿਸ਼ਾਨ ਦੁਰੈਫਾ ਨੇ ਭਰੋਸਾ ਪ੍ਰਗਟਾਇਆ ਹੈ ਕਿ ਗਰੋਹ ਦੇ ਮੈਂਬਰਾਂ ਦੀ ਗ੍ਰਿਫਤਾਰੀ ਤੋਂ ਬਾਅਦ ਵਾਹਨ ਚੋਰੀ ਅਤੇ ਨਜਾਇਜ਼ ਬੀਮਾ ਕਲੇਮ ਘਟਣਗੇ।

ਕਾਬੂ ਕੀਤੇ ਭਾਰਤੀ ਮੂਲ ਦੇ ਮੁਲਜ਼ਮਾਂ ਦੀ ਪਛਾਣ ਗਰੋਹ ਦੇ ਮੁਖੀ ਇੰਦਰਜੀਤ ਧਾਮੀ (38), ਪ੍ਰੀਤੇਸ਼ ਚੋਪੜਾ (32), ਗੁਰਬਿੰਦਰ ਸਿੰਘ (28), ਕੁਲਵਿੰਦਰ ਪੁਰੀ (25), ਪਰਮਿੰਦਰ ਪੁਰੀ (31), ਇੰਦਰਜੀਤ ਬੱਲ (29), ਵਰੁਣ ਔਲ (31), ਕੇਤਨ ਚੋਪੜਾ (30), ਪਵਨਦੀਪ ਸਿੰਘ (25), ਦਿਪਾਂਸ਼ੂ ਗਰਗ (24), ਰਾਹੁਲ ਵਰਮਾ (27), ਕਰਨ ਬੇਪਾਰਾਏ (26), ਮਨਕੀਰਤ ਬੇਪਾਰਾਏ (22), ਸਿਮਰ ਬੇਪਾਰਾਏ (21), ਜੋਵਨ ਸਿੰਘ (23) ਤੇ ਅਭਿਨਵ ਭਾਰਦਵਾਜ (25) ਵਜੋਂ ਦੱਸੀ ਗਈ ਹੈ। ਇਹ ਸਾਰੇ ਬਰੈਂਪਟਨ ਵਾਸੀ ਹਨ।

ਜਾਣਕਾਰੀ ਅਨੁਸਾਰ ਫੜੇ ਗਏ ਮੁਲਜ਼ਮਾਂ ‘ਚੋਂ ਕੁਝ ਸਮਾਜਿਕ ਸੇਵਾਦਾਰ ਵਜੋਂ ਵਿਚਰਦੇ ਸਨ। ਉਹ ਅਕਸਰ ਲੰਗਰ ਲਾਉਂਦੇ ਅਤੇ ਆਪਣੇ ਸੋਸ਼ਲ ਮੀਡੀਆ ਖਾਤਿਆਂ ‘ਤੇ ਵੀਡੀਓ ਪਾਉਂਦੇ ਸਨ। ਪੁਲਿਸ ਅਧਿਕਾਰੀ ਅਨੁਸਾਰ ਇਨ੍ਹਾਂ ਤੋਂ 18 ਟੋਅ ਟਰੱਕ, 4 ਮਹਿੰਗੀਆਂ ਲਗਜ਼ਰੀ ਕਾਰਾਂ, 5 ਹੋਰ ਵਾਹਨ, 6 ਨਜਾਇਜ਼ ਬੰਦੂਕਾਂ, 2 ਬੁਲੇਟ ਪਰੂਫ ਜੈਕਟਾਂ ਸਮੇਤ ਕਈ ਛੋਟੇ ਮਾਰੂ ਹਥਿਆਰ ਅਤੇ 586 ਗੋਲੀਆਂ ਸਮੇਤ 45 ਹਜ਼ਾਰ ਡਾਲਰ ਦੀ ਨਕਦੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਗਰੋਹ ਸਰਟੀਫਾਈਡ ਰੋਡਸਾਈਡ ਅਤੇ ਹੰਬਲ ਰੋਡਸਾਈਡ ਨਾਂਅ ਦੀਆਂ ਟੋਅ ਕੰਪਨੀਆਂ ਚਲਾਉਂਦੇ ਸਨ ਤੇ ਟੋਅ ਕੀਤੇ ਵਾਹਨ ਦਾ ਰਸਤੇ ‘ਚ ਐਕਸੀਡੈਂਟ ਦਿਖਾ ਕੇ ਲੱਖਾਂ ਡਾਲਰਾਂ ਦਾ ਕਲੇਮ ਲੈਣ ਵਿਚ ਸਫਲ ਹੁੰਦੇ ਰਹੇ। ਉਨ੍ਹਾਂ ਦੱਸਿਆ ਕਿ ਗਰੋਹ ਮੈਂਬਰ ਵਪਾਰੀਆਂ ਨੂੰ ਫਿਰੌਤੀ ਕਾਲਾਂ ਕਰਕੇ ਮੋਟੀਆਂ ਰਕਮਾਂ ਮੰਗਦੇ ਤੇ ਨਾ ਦੇਣ ‘ਤੇ ਮਾਰਨ ਦੀਆਂ ਧਮਕੀਆਂ ਦਿੰਦੇ ਸਨ। ਕਾਲ ਦੀ ਪ੍ਰਵਾਹ ਨਾ ਕਰਨ ਵਾਲਿਆਂ ‘ਤੇ ਉਹ ਗੋਲੀਬਾਰੀ ਵੀ ਕਰਦੇ ਸਨ।

ਫਿਰੌਤੀ ਕਾਲਾਂ ਰਾਹੀਂ ਉਗਰਾਹੀ ਰਕਮ ਬਾਰੇ ਪੁੱਛੇ ਜਾਣ ‘ਤੇ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸਾਰੇ ਪੀੜਤਾਂ ਵੱਲੋਂ ਪੁਲਿਸ ਕੋਲ ਰਿਪੋਰਟ ਨਾ ਕਰਨ ਕਰਕੇ ਸਹੀ ਅਨੁਮਾਨ ਨਹੀਂ, ਪਰ ਇਹ 10 ਲੱਖ ਡਾਲਰ ਤੋਂ ਵੱਧ ਹੋਵੇਗੀ। ਡਿਪਟੀ ਪੁਲਿਸ ਚੀਫ ਨੇ ਕਿਹਾ ਕਿ ਜਾਂਚ ਅਜੇ ਜਾਰੀ ਰਹੇਗੀ ਤੇ ਗਰੋਹ ਵਿਚ ਸ਼ਾਮਲ ਜਾਂ ਸਹਿਯੋਗ ਕਰਨ ਵਾਲਿਆਂ ‘ਤੇ ਵੀ ਸ਼ਿਕੰਜਾ ਕੱਸਿਆ ਜਾਏਗਾ।

# ਅਵਤਾਰ ਸਿੰਘ ਕਟਾਰੀਆ ਬਸਪਾ ਦੇ ਹਲਕਾ ਪ੍ਰਧਾਨ ਨਿਯੁਕਤ

## ਪਾਰਟੀ ਹਾਈ ਕਮਾਂਡ ਦਾ ਕੀਤਾ ਧੰਨਵਾਦ, ਪਾਰਟੀ ਦੀ ਮਜ਼ਬੂਤੀ ਲਈ ਕਰਾਂਗਾ ਕੰਮ- ਕਟਾਰੀਆ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 19 ਜੂਨ
INTERNATIONAL PAPER, 94636 01616
hardipchumber57@gmail.com

ਬੁਢਲਾਡਾ, ( ਪ ਪ ) ਬਹੁਜਨ ਸਮਾਜ ਪਾਰਟੀ ਵੱਲੋਂ ਅਵਤਾਰ ਸਿੰਘ ਕਟਾਰੀਆ ਨੂੰ ਬਹੁਜਨ ਸਮਾਜ ਪਾਰਟੀ ਹਲਕਾ ਬੁਢਲਾਡਾ ਦਾ ਹਲਕਾ ਪ੍ਰਧਾਨ ਨਿਯੁਕਤ ਕਰਨ ਤੇ ਪਾਰਟੀ ਹਾਈ ਕਮਾਂਡ ਅਤੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਦਾ ਧੰਨਵਾਦ ਕੀਤਾ ਹੈ। ਇਸ ਸਬੰਧੀ ਅਵਤਾਰ ਸਿੰਘ ਕਟਾਰੀਆ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਨੇ ਜੋ ਉਨਾਂ ਉਪਰ ਵਿਸ਼ਵਾਸ਼ ਜਿਤਾਇਆ ਹੈ ਉਹ ਉਸ ਉਪਰ ਖਰਾ ਉਤਰਨਗੇ ਅਤੇ ਪਾਰਟੀ ਦੀ ਮਜਬੂਤੀ ਲਈ ਕੰਮ ਕਰਾਂਗੇ।

ਅਵਤਾਰ ਸਿੰਘ ਕਟਾਰੀਆ ਨੂੰ ਦਿੱਤੀ ਵਧਾਈ



ਅਵਤਾਰ ਸਿੰਘ ਕਟਾਰੀਆ ਨੂੰ ਬਹੁਜਨ ਸਮਾਜ ਪਾਰਟੀ ਵੱਲੋਂ ਹਲਕਾ ਬੁਢਲਾਡਾ ਦਾ ਪ੍ਰਧਾਨ ਨਿਯੁਕਤ ਕਰਨ ਤੇ ਪਾਰਟੀ ਵਰਕਰਾਂ ਅਤੇ ਸੱਜਣ ਮਿੱਤਰਾਂ ਵੱਲੋਂ ਉਨਾਂ ਨੂੰ ਚੁਫੇਰਿਓ ਵਧਾਈ ਦਿੱਤੀ ਜਾ ਰਹੀ ਹੈ।

# ਪੇਂਡੂ ਖੇਤਰ ਵਿੱਚ ਪੈਂਦੀਆਂ ਲਿੰਕ ਸੜਕਾਂ ਦੇ ਬਰਮਾਂ ਨਾਲ ਛੇੜਛਾੜ ਨਾ ਕਰਨ ਕਿਸਾਨ: ਡਿਪਟੀ ਕਮਿਸ਼ਨਰ

“Equality and justice”
Patiala 19 June
INTERNATIONAL PAPER, 94636 01616
hardipchumber57@gmail.com

ਸੰਗਰੂਰ,19 ਜੂਨ (ਜਗਸੀਰ ਸਿੰਘ) - ਡਿਪਟੀ ਕਮਿਸ਼ਨਰ ਸ਼੍ਰੀ ਸੰਦੀਪ ਰਿਸ਼ੀ ਨੇ ਜ਼ਿਲ੍ਹੇ ਦੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਚੱਲ ਰਹੀ ਲਵਾਈ ਦੌਰਾਨ ਪੇਂਡੂ ਖੇਤਰ ਦੀਆਂ ਸੜਕਾਂ ਦੇ ਬਰਮਾਂ ਨਾਲ ਬਿਲਕੁਲ ਵੀ ਛੇੜਛਾੜ ਨਾ ਕਰਨ ਅਤੇ ਬਰਮਾਂ ਨੂੰ ਬਿਲਕੁਲ ਸੁਰੱਖਿਅਤ ਰੱਖਣ।ਜੇਕਰ ਪਿਛਲੇ ਸਮੇਂ ਦੌਰਾਨ ਉਹਨਾਂ ਨੇ ਬਰਮਾਂ ਨੂੰ ਖੇਤਾਂ ਨਾਲ ਰਲਾ ਲਿਆ ਹੈ ਤਾਂ ਉਹ ਹੁਣ ਸੜਕ ਅਤੇ ਬਰਮ ਦੀ ਜਗ੍ਹਾ ਪੂਰੀ ਕਰ ਦੇਣ। ਅਗਲੇ 5 ਦਿਨਾਂ ਵਿੱਚ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਜ਼ਿਲ੍ਹਾ ਪ੍ਰਸ਼ਾਸ਼ਨ ਨੂੰ ਦੋਸ਼ੀ ਖੇਤ ਮਾਲਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਪਵੇਗੀ। ਇਸ ਦੇ ਨਾਲ-ਨਾਲ ਡਿਪਟੀ ਕਮਿਸ਼ਨਰ ਨੇ ਸਬੰਧਤ ਅਧਿਕਾਰੀਆਂ ਨੂੰ ਵੀ ਹਦਾਇਤ ਕੀਤੀ ਹੈ ਕਿ ਉਹ ਵੱਢੇ ਬਰਮ ਝੋਨੇ ਦੀ ਲਵਾਈ ਦੌਰਾਨ ਪੂਰੇ ਕਰਵਾਉਣੇ ਯਕੀਨੀ ਬਨਾਉਣ।

ਜ਼ਿਕਰਯੋਗ ਹੈ ਕਿ ਬਰਮ ਪੂਰੇ ਕਰਵਾਉਣ ਸਬੰਧੀ ਡਿਪਟੀ ਕਮਿਸ਼ਨਰ, ਸ਼੍ਰੀ ਸੰਦੀਪ ਰਿਸ਼ੀ ਵੱਲੋਂ ਪਹਿਲਾਂ ਹੀ ਉਪ ਮੰਡਲ ਮੈਜਿਸਟਰੇਟ (ਚੇਅਰਮੈਨ), ਤਹਿਸੀਲਦਾਰ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ, ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਵਿਭਾਗ, ਸੰਗਰੂਰ ਅਤੇ ਕਾਰਜਕਾਰੀ ਇੰਜੀਨੀਅਰ ਪੰਜਾਬ ਮੰਡੀ ਬੋਰਡ, ਸੰਗਰੂਰ ਨੂੰ ਸ਼ਾਮਲ ਕਰ ਕੇ ਕਮੇਟੀ ਬਣਾਈ ਗਈ ਹੈ, ਜਿਹੜੀ ਕਿ ਲਿੰਕ ਸੜਕਾਂ ਦੇ ਬਰਮ ਪੂਰੇ ਕਰਵਾਉਣ ਸਬੰਧੀ ਕਾਰਜ ਕਰ ਰਹੀ ਹੈ।

